ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

ਮਾਰਚ ੧੯੯੬



ਗੁਰਦੁਆਰਾ ਸ੍ਰੀ ਬਾਉਲੀ ਸਾਹਿਬ
ਗੋਇੰਦਵਾਲ ਸਾਹਿਬ

MARCH 1996

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ॥

## ਤੱਤਕਰਾ


| | | | |
|---|---|---|---|
| ੧. ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ।। | ੧ | ੧੧. ਪ੍ਰੀਤਮ ਪਿਆਰਾ–ਵਾਰਦ ਜਰਨੈਲ | ੨੭ |
| ੨. ਅਰਥ ਵਿਆਖਿਆ | ੨ | ੧੨. ਪ੍ਰੋਫੈਸਰ ਕਰਤਾਰ ਸਿੰਘ ਜੀ (ਹੁਸ਼ਿਆਰਪੁਰੀ) | ੩੧ |
| ੩. ਸਿੱਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ | ੪ | ੧੩. ਜਨਵਰੀ ੯੬ ਦੇ ਸਵਾਲਾਂ ਦੇ ਜਵਾਬ | ੩੨ |
| ੪. ਸਹਿਜ ਪਦ | ੭ | ੧੪. A SONG OF BLISS | ੩੩ |
| ੫. ਸਤਿਗੁਰੁ ਅਮਰ ਦਾਸ ਜੀ | ੯ | ੧੫. ਤਿਠਕੀ ਸੰਗਤ ਸਦਾ ਮਿਲ ਰਹੀਐ ....(ਕਵਿਤਾ) | ੩੪ |
| ੬. ਗੁਰੂ ਮਾਨਿਓ ਗ੍ਰੰਥ (੨) | ੧੧ | ੧੬. ਸਤਿਗੁਰ ਤੇ ਜੋ ਮੁਹੁ ਫੇਰੇ | ੩੫ |
| ੭. ਫੋਕਟ ਕਰਮ | ੧੪ | ੧੭. ਤੁਸਾਂ ਪੁਤ ਵਾਰ 'ਤੇ ਸੀ ....(ਕਵਿਤਾ) | ੩੫ |
| ੮. ਗੁਰੂ ਚਰਨਾਂ ਵਿਚ ਅਰਦਾਸ | ੧੮ | ੧੮. ਗੁਰਬਾਣੀ | ੩੬ |
| ੯. ਵਿਣੁ ਨਾਵੈ ਸਭਿ ਭਰਮਦੇ | ੨੦ | ੧੯. ਸਿੰਘਾਂ ਦਾ ਉਚਾ ਆਚਰਨ | ੩੬ |
| ੧੦. ਵਾਰ ਮਾਰੂ ਡਖਣੇ (੯) | ੨੫ | ੨੦. ਬਾਪੂ ਜੀ ਤੇ ਬੱਚੇ (੧੯) | ੩੭ |


### ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ...੬ ਮਾਰਚ  ਗੁਰਿਆਈ ਸ੍ਰੀ ਗੁਰੂ ਹਰਿ ਰਾਏ ਸਾਹਿਬ...੧੭ ਮਾਰਚ  ਗੁਰਿਆਈ ਸ੍ਰੀ ਗੁਰੂ ਅਮਰਦਾਸ ਜੀ...੨੦ ਮਾਰਚ
ਜੋਤੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ...੨੩ ਮਾਰਚ  ਜੋਤੀ ਜੋਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ...੨੪ ਮਾਰਚ

---

### ਹਿਮਾਚਲ ਪ੍ਰਦੇਸ਼ ਵਿੱਚ 'ਸੂਰਾ' ਪੱਤਰ ਅੱਧੇ ਚੰਦੇ ਤੇ

ਜੋ ਵੀਰ ਭੈਣ ਸੂਰਾ ਪੱਤਰ ਪੜ੍ਹਨ ਵਿੱਚ ਰੁਚੀ ਰੱਖਦੇ ਹੋਣ ਉਹ ਹੇਠ ਲਿਖੇ Address ਤੇ ਅੱਧਾ ਚੰਦਾ ਭੇਜ ਕੇ ਸੂਰਾ ਲਗਵਾ ਸਕਦੇ ਹਨ :–
ਦਾਸ :– ਪਰਮਜੀਤ ਸਿੰਘ, ਗੁਰੂ ਰਾਖਾ ਐਂਟਰਪ੍ਰਾਈਜ਼ਿਜ਼ ਟੈਲੀਫੋਨ ੦੧੭੦੪–੨੩੬੭

---

### 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧. ਲੁਧਿਆਣਾ– ੧.ਮੁੱਖ ਦਫ਼ਤਰ "ਸੂਰਾ"–ਕੋਠੀ ਨੰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
੨.ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ– ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ– ਭਾਈ ਹਰਮਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਹਰਮਿੰਦਰ ਸਿੰਘ, ਸ਼ੈਕ ਬਜ਼ਾਰ।
੪. ਪਟਿਆਲਾ– ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ: ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ–ਭਾਈ ਫੌਜਿੰਦਰ ਸਿੰਘ ਜੀ, ਪ੩੩/੩ –ਏ ਫੇਜ਼, ਐਸ. ਏ. ਐਸ. ਨਗਰ, ਮੋਹਾਲੀ!
੬. ਕਪੂਰਥਲਾ – ਭਾਈ ਚਰਨਪਾਲ ਸਿੰਘ।
੭. ਸਾਰੇ ਸਮਾਗਮਾਂ ਸਮੇਂ – ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ ੨, ਕਾਂਬੀ ਨਗਰ, ਫ਼ਿਰੋਜ਼ਪੁਰ ਸ਼ਹਿਰ।
੮. ਬਠਿੰਡਾ–ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ– ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ: ੨੪੩੪੮, ੨੧੬੮੧.
੧੦.ਅੰਮ੍ਰਿਤਸਰ– ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ ਫੋਨ੪੫੭੮੭, ਘਰ੨੩੧੫੨੦.
੧੧.ਯਮੁਨਾਨਗਰ– ਸ੍ਰ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ,
ਪਿੰਨ ਕੋਡ–੧੩੫੦੦੧,ਫੋਨ: ੨੬੨੧੭
੧੨.ਸੰਗਰੂਰ–੧. ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩.ਫਗਵਾੜਾ– ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ, ਚੌੜਾ ਖੂਹ, ਨੇੜੇ ਗੁ: ਪਾ: ੬.
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

**ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ**

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ਼ ਮੈਂਬਰਸ਼ਿਪ ੩੦੦ ਰੁ: ਪੂਰੀ ਕਰਨ ਲਈ ਜਿਨ੍ਹਾਂ ਪਾਠਕਾ ਦੇ ੫੦ /-, ੧੦੦/-, ੧੫੦ /- ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋ ਜਲਦੀ 'ਸੂਰਾ' ਦਫ਼ਤਰ ਭੇਜ ਦੇਣ ਜਾਂ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ। ਸੰਪਾਦਕ

### ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧.ਇੰਗਲੈਂਡ–ਭਾਈ ਗੁਰਨਾਮ ਸਿੰਘ ਜੀ 10 - LAmbourne Gardens, Earley Reading, Berks U.K. Tel. 01734-267900.
੨.ਅਮਰੀਕਾ–ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫ਼ੋਨ : ੧੮੦੦੭੨੨੬੨੧੨
੩.ਕੈਨੇਡਾ–ਭਾਈ ਰਿਪੁਦਮਨ ਸਿੰਘ ਜੀ ਮਲਿਕ ਫ਼ੋਨ : ੧੮੦੦੬੬੩੦੨੨੪.
੪.ਆਸਟਰੇਲੀਆ–ਭਾਈ ਪਰਸ਼ੋਤਮ ਸਿੰਘ ਜੀ, ਫ਼ੋਨ :੦੬੧੮੬੩੪੮੪੧.
੫.ਨੀਊਜ਼ੀਲੈਂਡ – ਭਾਈ ਪਿਆਰਾ ਸਿੰਘ ਜੀ ਫ਼ੋਨ : ੦੬੯੨੭੬੪੩੨੨
ਸ: ਸੁਬੇਗ ਸਿੰਘ ਆਸਟਰੇਲੀਆ ਦਾ ਨਵਾਂ ਪਤਾ
7, VICTORIA ST. REVESBY N.S.W. SYNDEY AUSTRALIA Post Code -2212 Telephone Mobile 015222737 (Local (02) 7712413

**ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।**


ਡਿਜ਼ਾਈਨ ਕਰਾਫਟ ਗਿਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋ ੧੨– ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।


# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੩੦ ਮਾਰਚ-੧੯੯੬ ਅੰਕ ੩

| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30-00 | ਸਮੁੰਦਰੀ ਡਾਕ | 100-00 |
| ਇੱਕ ਪਰਚਾ | 3-00 | ਹਵਾਈ ਡਾਕ | 300-00 |

Foreign Subscription

| | | | |
|---|---|---|---|
| Sea Mail | 100-00 | Air Mail | 300-00 |
| ਅਮਾਨਤੀ ਲਾਈਫ਼ ਮੈਂਬਰ | | ਪਰਦੇਸ ਸਮੁੰਦਰੀ ਡਾਕ | 1,000-00 |
| ਦੇਸ਼ | 300-00 | ਹਵਾਈ ਡਾਕ | 3,000-00 |


ਹਉ ਜਾਇ ਪੁਛਾ ਸੋਹਾਗ ਸੁਹਾਗਣਿ, ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ।।
ਮੈ ਉਪਰਿ ਨਦਰਿ ਕਰੀ ਪਿਰਿ ਸਾਚੈ, ਮੈ ਛੋਡਿਅੜਾ ਮੇਰਾ ਤੇਰਾ।।
ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ, ਇਤੁ ਮਾਰਗਿ ਭੈਣੇ ਮਿਲੀਐ।।
ਆਪਨੜਾ ਪ੍ਰਭੁ ਨਦਰਿ ਕਰਿ ਦੇਖੈ, ਨਾਨਕ ਜੋਤਿ ਜੋਤੀ ਰਲੀਐ।।੩।। (ਵਡਹੰਸੁ ਮ:੪, ਪੰਨਾ ੫੬੧)

## ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ।।

ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ।।
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ।।੧।।ਰਹਾਉ।।
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ।।
ਮਾਇਆ ਮੋਹਿ ਸਭੋ ਜਗੁ ਸੋਇਆ, ਇਹੁ ਭਰਮੁ ਕਹਹੁ ਕਿਉ ਜਾਈ।।੧।।
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ, ਮਿਲਿ ਬਾਤ ਨ ਕਰਤੇ ਭਾਈ।।
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ।।੨।।
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ, ਕੁੰਜੀ ਗੁਰ ਸਉਪਾਈ।।
ਅਨਿਕ ਉਪਾਵ ਕਰੇ ਨਹੀ ਪਾਵੈ, ਬਿਨੁ ਸਤਿਗੁਰ ਸਰਣਾਈ।।੩।।
ਜਿਨ ਕੇ ਬੰਧਨ ਕਾਟੇ ਸਤਿਗੁਰ, ਤਿਨ ਸਾਧ ਸੰਗਤਿ ਲਿਵ ਲਾਈ।।
ਪੰਚ ਜਨਾ ਮਿਲਿ ਮੰਗਲੁ ਗਾਇਆ, ਹਰਿ ਨਾਨਕ ਭੇਦੁ ਨ ਭਾਈ।।੪।।
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ।।
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ, ਮਿਲਿ ਜੋਤੀ ਜੋਤਿ ਸਮਾਈ।।੪।। ਰਹਾਉ ਦੂਜਾ।।
(ਰਾਗੁ ਗਉੜੀ ਪੂਰਬੀ ਮ: ੫, ਪੰਨਾ ੨੦੪-੨੦੫)

ਪਦ ਅਰਥ :- ਕਿਨ ਬਿਧਿ-ਕਿਨ੍ਹਾਂ ਢੰਗਾਂ (ਤਰੀਕਿਆਂ) ਨਾਲ ? ਗੁਸਾਈ-ਦੁਨੀਆ ਦਾ ਮਾਲਕ। ਰਾਮ ਰਾਇ-ਹੇ ਪ੍ਰਭੂ ਪਾਤਿਸ਼ਾਹ ! ਸਹਜ-ਟਿਕਾਅ, ਆਤਮਕ ਅਡੋਲਤਾ। ਸੁਖਦਾਤਾ-ਸੁਖ (ਅਨੰਦ) ਦੇਣ ਵਾਲਾ। ਸੰਤ-ਸਤਿ ਦੇ ਮਾਰਗ ਤੇ ਚਲਣ ਵਾਲਾ ਗੁਰਮੁਖ ਪਿਆਰਾ। ਮੋਹਿ-ਮੋਹ ਵਿੱਚ। ਮਾਰਗੁ-ਰਸਤਾ।੧। ਰਹਾਉ।

ਅੰਤਰਿ-ਜੀਵ ਦੇ ਅੰਦਰ। ਅਲਖੁ-ਨਾ ਲਖਿਆ ਜਾਣ ਵਾਲਾ (ਅਦ੍ਰਿਸ਼ਟ) ਪ੍ਰਭੂ। ਪਾਈ-ਪਾਇਆ ਹੋਇਆ ਹੈ। ਜਗ-ਜਗਤ, ਦੁਨੀਆਂ। ਭਰਮ-ਭਟਕਣਾ। ਕਹਹੁ-ਦੱਸੋ।੧।

ਇਕਤੁ ਗ੍ਰਿਹਿ-ਇਕੋ ਹੀ ਘਰ ਵਿੱਚ। ਬਾਤ-ਗੱਲ। ਏਕ ਬਸਤੁ-ਇਕ (ਨਾਮ) ਪਦਾਰਥ। ਪੰਚ-ਪੰਜੇ ਗਿਆਨ ਇੰਦ੍ਰੇ। ਦੁਹੇਲੇ-ਦੁਖੀ। ਅਗੋਚਰ-ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ। ਠਾਈ-ਥਾਂ (ਜਗਹ) ਵਿੱਚ।੨।

ਤਾਲਾ-ਜੰਦਰਾ। ਸਉਪਾਈ-ਸੌਂਪੀ (ਦਿੱਤੀ) ਹੋਈ ਹੈ। ਉਪਾਵ-ਤਰੀਕੇ।੩।

ਸਤਿਗੁਰ-ਹੇ ਸਤਿਗੁਰੂ ! ਲਿਵ-ਪ੍ਰੀਤ। ਪੰਚ ਜਨਾਂ-ਪੰਜੇ ਗਿਆਨ ਇੰਦ੍ਰਿਆਂ ਨੇ। ਮੰਗਲੁ-ਖੁਸ਼ੀ ਦਾ ਗੀਤ। ਭੇਦੁ-ਫਰਕ।੪।

ਇਨਿ ਬਿਧਿ-ਇਨ੍ਹਾਂ ਤਰੀਕਿਆਂ (ਢੰਗਾਂ) ਨਾਲ। ਨਾਠਾ-ਨੱਸ ਗਿਆ। ਜੋਤੀ - ਜੋਤ ਰੂਪ ਪ੍ਰਮਾਤਮਾ। ਰਹਾਉ ਦੂਜਾ।



www.AKJ.Org

## ਅਰਥ ਵਿਆਖਿਆ

ਅਰਥ :- ਹੇ ਮੇਰੇ ਰਾਮ ਰਾਇ ! ਮੈਨੂੰ ਦੁਨੀਆਂ ਦਾ ਮਾਲਕ-ਪ੍ਰਭੂ ਕਿਨ੍ਹਾਂ ਢੰਗ ਤਰੀਕਿਆਂ ਨਾਲ ਮਿਲੇ ? ਆਤਮਕ ਅਡੋਲਤਾ ਦਾ ਅਨੰਦ ਦੇਣ ਵਾਲਾ ਕੋਈ ਇਹੋ ਜੇਹਾ ਸਤਿ ਦੇ ਮਾਰਗ ਤੇ ਚੱਲਣ ਵਾਲਾ ਗੁਰਮੁਖ ਪਿਆਰਾ ਮੈਨੂੰ ਮਿਲ ਪਏ ਜੇਹੜਾ ਮੈਨੂੰ ਰਸਤਾ ਦੱਸ ਦੇਵੇ।੧।ਰਹਾਉ।

ਜੀਵ ਦੇ ਅੰਦਰ ਵਸ ਰਹੇ ਅਦ੍ਰਿਸ਼ਟ ਪ੍ਰਭੂ ਦੀ ਜੀਵ ਨੂੰ ਸਮਝ ਨਹੀਂ ਆ ਸਕਦੀ ਕਿਉਂਕਿ ਜੀਵ ਅੰਦਰ ਹਉਮੈ ਦਾ ਪੜਦਾ ਪਿਆ ਹੋਇਆ ਹੈ। ਸਾਰੀ ਦੁਨੀਆਂ ਹੀ ਮਾਇਆ ਦੇ ਮੋਹ ਵਿੱਚ ਸੁੱਤੀ ਪਈ ਹੈ।

ਆਤਮਾ ਤੇ ਪਰਮਾਤਮਾ ਦੀ ਇਕੋ ਹੀ ਸੰਗਤਿ ਹੈ, ਦੋਵੇਂ ਇਕੋ ਹੀ ਘਰ ਵਿੱਚ ਵਸਦੇ ਹਨ ਪਰ ਆਪੋ ਵਿੱਚ ਮਿਲ ਕੇ ਕਦੇ ਗੱਲ ਨਹੀਂ ਕਰਦੇ। ਇੱਕ ਨਾਮ ਪਦਾਰਥ ਤੋਂ ਬਿਨਾਂ ਜੀਵ ਦੇ ਪੰਜੇ ਗਿਆਨ-ਇੰਦ੍ਰੇ ਦੁਖੀ ਰਹਿੰਦੇ ਹਨ। ਉਹ ਨਾਮ ਪਦਾਰਥ ਅਜੇਹੇ ਥਾਂ ਹੈ ਜਿੱਥੇ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ।੨।

ਜਿਸ ਪ੍ਰਭੂ ਦਾ ਬਣਾਇਆ ਹੋਇਆ ਇਹ ਸਰੀਰ ਰੂਪੀ ਘਰ ਹੈ, ਉਸ ਨੇ ਹੀ ਮੋਹ ਰੂਪੀ ਜੰਦਰਾ ਮਾਰਿਆ ਹੋਇਆ ਹੈ ਅਤੇ ਕੁੰਜੀ ਗੁਰੂ ਨੂੰ ਸੌਂਪ ਦਿੱਤੀ ਹੈ। ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਜੀਵ ਹੋਰ ਹੋਰ ਅਨੇਕ ਉਪਾਅ ਕਰਦਾ ਹੈ ਪਰ ਉਨ੍ਹਾਂ ਤਰੀਕਿਆਂ ਨਾਲ ਪਰਮਾਤਮਾ ਨੂੰ ਲੱਭ ਨਹੀਂ ਸਕਦਾ।੩।

ਹੇ ਸਤਿਗੁਰੂ ! ਜਿੰਨ੍ਹਾਂ ਦੇ ਤੈਂ ਮਾਇਆ ਦੇ ਬੰਧਨ ਕੱਟ ਦਿੱਤੇ ਉਨ੍ਹਾਂ ਨੇ ਸਾਧ ਸੰਗਤਿ ਵਿੱਚ ਟਿਕ ਕੇ ਪ੍ਰਭੂ ਨਾਲ ਪ੍ਰੀਤ ਪਾ ਲਈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨਾਨਕ ਮੋਹਰ ਛਾਪ ਹੇਠ ਬਿਆਨ ਕਰਦੇ ਹਨ ਕਿ ਪ੍ਰਭੂ ਨਾਲ ਪ੍ਰੀਤ ਪਾਉਣ ਸਦਕਾ ਅਜੇਹੇ ਮਨੁੱਖਾਂ ਦੇ ਪੰਜੇ ਗਿਆਨ ਇੰਦ੍ਰਿਆਂ ਨੇ ਮਿਲ ਕੇ ਸਿਫਤਿ-ਸਾਲਾਹ ਦਾ ਗੀਤ ਗਾਇਆ ਹੈ। ਉਨ੍ਹਾਂ ਤੇ ਪ੍ਰਭੂ ਵਿੱਚ ਕੋਈ ਫਰਕ ਨਹੀਂ ਰਹਿ ਗਿਆ।੪।

ਹੇ ਮੇਰੇ ਰਾਮ ਰਾਇ ! ਇਨ੍ਹਾਂ ਢੰਗਾਂ ਨਾਲ ਧਰਤੀ ਦਾ ਖਸਮ-ਪ੍ਰਭੂ ਮਿਲਦਾ ਹੈ। ਸਹਜ ਪਦ (ਆਤਮਕ ਅਡੋਲਤਾ) ਦੀ ਪ੍ਰਾਪਤੀ ਸਦਕਾ ਮਨੁੱਖ ਦੀ ਭਟਕਣਾ ਇੱਕ ਖਿਨ ਵਿੱਚ ਦੂਰ ਹੋ ਗਈ। ਉਸ ਦੀ ਜੋਤਿ ਪ੍ਰਭੂ ਨਾਲ ਮਿਲ ਕੇ ਪ੍ਰਭੂ ਵਿੱਚ ਲੀਨ ਹੋ ਗਈ।੧।ਰਹਾਉ ਦੂਜਾ।

ਵਿਆਖਿਆ :- ਇਹ ਸ਼ਬਦ ਇੱਕ ਸਵਾਲ ਤੋਂ ਸ਼ੁਰੂ ਹੁੰਦਾ ਹੈ ਜੋ ਇਉਂ ਹੈ - "ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ !" ਭਾਵ ਪ੍ਰਭੂ ਪ੍ਰੀਤਮ ਕਿਵੇਂ ਮਿਲੇ ? ਗੁਰੂ ਸਾਹਿਬ ਕਹਿੰਦੇ ਹਨ ਕਿ ਕੋਈ ਸਤਿ-ਮਾਰਗ ਦਾ ਜਾਣਕੀਰ ਗੁਰਮੁਖ ਪਿਆਰਾ ਮੈਨੂੰ ਪ੍ਰਭੂ ਮਿਲਣ ਦਾ ਰਸਤਾ ਦੱਸ ਦੇਵੇ।

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ।।
ਪਾਇ ਲਗਉ ਮੋਹਿ ਕਰਉ ਬੇਨਤੀ,
ਕੋਊ ਸੰਤੁ ਮਿਲੈ ਬਡਭਾਗੀ।। (ਪੰਨਾ ੨੦੪)

ਭਾਵ ਪਰਮਾਤਮਾ ਨੂੰ ਮਿਲਣ ਵਾਸਤੇ ਮੇਰੇ ਮਨ ਵਿੱਚ ਪ੍ਰੀਤ ਜਾਗ ਉੱਠੀ ਹੈ। ਜੋ ਵੱਡੇ ਭਾਗਾਂ ਵਾਲਾ ਗੁਰੂ-ਸੰਤ ਮੈਨੂੰ ਮਿਲ ਪਏ ਤਾਂ ਮੈਂ ਉਸਦੇ ਚਰਨੀ ਲੱਗਾਂ, ਮੈਂ ਉਸ ਅੱਗੇ ਬੇਨਤੀ ਕਰਾਂ ਕਿ ਮੈਨੂੰ ਪਰਮਾਤਮਾ ਨਾਲ ਮਿਲਾ ਦਿਉ।

ਸਤਿ-ਧਰਮ ਦੇ ਮਾਰਗ ਦੀ ਸੋਝੀ ਸਾਨੂੰ ਗੁਰ-ਸੰਗਤਿ (ਸਾਧ-ਸੰਗਤਿ) ਵਿਚੋਂ ਮਿਲਦੀ ਹੈ ਜਿੱਥੇ ਗੁਰਮੁਖ ਸਖੀਆਂ ਪ੍ਰਭੂ ਦੀ ਸਿਫਤ ਸਾਲਾਹ ਦੇ ਗੀਤ ਗਾਉਂਦੀਆਂ ਹਨ। ਸਾਧ-ਸੰਗਤਿ ਵਿੱਚ ਜਾਣ ਨਾਲ ਹੀ ਸਾਨੂੰ ਪਤਾ ਲੱਗਦਾ ਹੈ ਕਿ ਸੱਚੇ ਗੁਰੂ (ਸਤਿਗੁਰੂ) ਤੋਂ ਬਿਨਾਂ 'ਦਰ' ਨਹੀਂ ਖੁੱਲ੍ਹਣਾ, ਦਰਵਾਜ਼ਾ ਖੁੱਲ੍ਹੇ ਬਿਨਾ ਪਰਮਾਤਮਾ ਦਾ ਦਰਸ-ਮਿਲਾਪ ਨਹੀਂ ਹੋਣਾ।

ਮਾਇਆ ਦੇ ਮੋਹ ਵਿੱਚ ਸਾਰਾ ਜਗਤ ਸੁੱਤਾ ਪਿਆ ਹੈ, 'ਮੈਂ ਮੇਰੀ' (ਹਉਮੈ) ਵਿੱਚ ਮੱਤਾ ਪਰਮਾਤਮਾ ਨੂੰ ਭੁੱਲਿਆ ਬੈਠਾ ਹੈ। ਪਰਮਾਤਮਾ ਮਨੁੱਖ ਦੇ ਅੰਦਰ ਹੀ ਵਸਦਾ ਹੈ ਪਰ ਇਸ ਨੂੰ ਪਤਾ ਹੀ ਨਹੀਂ। ਜੀਵਾਤਮਾ (ਜੀਵ-ਆਤਮਾ) ਅਤੇ ਪਰਮਾਤਮਾ ਵਿੱਚ ਹਉਮੈ ਦਾ ਹੀ ਪੜਦਾ ਹੈ ਜਿਵੇਂ ਖੇਤ ਅਤੇ ਪਾਣੀ ਦੇ ਸੂਏ (ਨਾਲੇ) ਵਿਚਕਾਰ ਵੱਟ। ਧਨ ਪਿਰ ਕਾ ਇਕ ਹੀ ਸੰਗਿ ਵਾਸਾ, ਵਿਚਿ ਹਉਮੈ ਭੀਤਿ ਕਰਾਰੀ।। (ਪੰਨਾ ੧੨੬੩) ਜਿੰਨੀ ਦੇਰ ਤੱਕ ਹਉਮੈ ਦੀ ਕੰਧ ਨਹੀਂ ਟੁੱਟਦੀ, ਉਨੀ ਦੇਰ ਤੱਕ ਆਤਮਾ ਤੇ ਪਰਮਾਤਮਾ ਦਾ ਮੇਲ ਨਹੀਂ ਹੋ ਸਕਦਾ, ਪ੍ਰਭੂ ਪ੍ਰੀਤਮ ਮਿਲ ਨਹੀਂ ਸਕਦਾ।

ਮਨੁੱਖ ਆਪਣੇ ਪੰਜ ਗਿਆਨ ਇੰਦ੍ਰਿਆਂ-ਅੱਖਾਂ, ਕੰਨ, ਨੱਕ, ਜੀਭ, ਤੁਚਾ (ਖੱਲੜੀ) ਰਾਹੀਂ ਗਿਆਨ ਪ੍ਰਾਪਤ ਕਰਦਾ ਹੈ। ਇਹ ਗਿਆਨ ਇੰਦ੍ਰੇ ਇਸ ਨੂੰ ਬਾਹਰਲੀ ਦੁਨੀਆਂ ਦੀ ਸੋਝੀ ਦਿੰਦੇ ਹਨ ਪਰ ਇਸ ਨੂੰ ਇਹ ਨਹੀਂ ਪਤਾ ਕਿ ਨਾ-ਲਖਿਆ ਜਾਣ ਵਾਲਾ ਅਲੱਖ-ਪ੍ਰਭੂ ਤਾਂ ਇਸ ਦੇ ਅੰਦਰ ਹੀ ਬੈਠਾ ਹੈ। ਇਹ



www.AKJ.Org

ਉਸ ਪ੍ਰਭੂ ਨੂੰ ਭਾਲਣ ਲਈ ਬਾਹਰ ਭੱਜਾ ਫਿਰਦਾ ਹੈ।

ਸਭ ਕਿਛੁ ਘਰ ਮਹਿ ਬਾਹਰਿ ਨਾਹੀ।।
ਬਾਹਰਿ ਟੋਲੈ ਸੋ ਭਰਮਿ ਭੁਲਾਹੀ।।
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ।।1।।

(ਪੰਨਾ ੧੦੨)

ਮਨੁੱਖ ਦੇ ਸਰੀਰ ਰੂਪੀ ਘਰ ਨੂੰ ਭਰਮ (ਮਾਇਆ ਮੋਹ) ਦਾ ਜੰਦ੍ਰਾ ਲੱਗਾ ਹੋਇਆ ਹੈ ਜਿਸ ਦੀ ਕੁੰਜੀ ਪ੍ਰਭੂ ਨੇ ਸਤਿਗੁਰੂ ਨੂੰ ਸੌਂਪੀ ਹੋਈ ਹੈ। ਜਿੰਨੀ ਦੇਰ ਤੱਕ ਮਨੁੱਖ ਸਤਿਗੁਰੂ ਦੀ ਸ਼ਰਨ ਵਿੱਚ ਨਹੀਂ ਆਉਂਦਾ ਭਾਵ ਅੰਮ੍ਰਿਤ ਨਹੀਂ ਛਕਦਾ, ਔਝੜੇ ਹੀ ਪਿਆ ਭਟਕਦਾ ਰਹੇਗਾ। ਸਤਿਗੁਰੂ ਦੀ ਸ਼ਰਨ ਵਿੱਚ ਆਉਣ ਨਾਲ ਮਨੁੱਖ ਦੀ ਗੱਡੀ ਲੀਹ (ਲਾਈਨ) ਤੇ ਪੈ ਜਾਵੇਗੀ, ਸਤਿਗੁਰੂ 'ਨਾਮ' ਦਾ ਕਿਣਕਾ ਬਖਸ਼ ਕੇ ਇਸ ਦੇ ਇੰਜਣ ਨੂੰ ਚਾਲੂ ਕਰ ਦੇਵੇਗਾ। ਬੱਸ ! ਫਿਰ ਗੱਡੀ 'ਭਕ-ਸ਼ਿਕ ਭਕ-ਸ਼ਿਕ ਭਕ-ਸ਼ਿਕ' ਕਰਦੀ, ਗੁਰੂ ਗੁਰੂ ਜਪਦੀ 'ਸੋ ਦਰੁ' ਪਹੁੰਚ ਜਾਵੇਗੀ।

ਜਿਨ ਕੇ ਬੰਧਨ ਕਾਟੇ ਸਤਿਗੁਰ
ਤਿਨ ਸਾਧ ਸੰਗਤਿ ਲਿਵ ਲਾਈ।।
ਪੰਚ ਜਨਾ ਮਿਲਿ ਮੰਗਲੁ ਗਾਇਆ,
ਹਰਿ ਨਾਨਕ ਭੇਦੁ ਨ ਭਾਈ।।4।।

ਮਨੁੱਖ ਮਾਇਆ ਦੇ ਬੰਧਨਾਂ ਵਿੱਚ ਫਸਿਆ, ਭਰਮਾਂ ਭੁਲੇਖਿਆਂ ਵਿੱਚ ਪਿਆ ਭਟਕਦਾ ਫਿਰਦਾ ਹੈ, ਮਾਇਆ ਦੇ ਹੁਲਾਰਿਆਂ ਵਿਚੋਂ ਸੁੱਖ ਭਾਲਦਾ ਹੈ। ਮਾਇਆ ਦੇ ਸੁੱਖ ਛਿਨ ਭੰਗਰ ਹਨ, ਫਿੱਕੇ ਸੁਆਦ ਹਨ। ਸਦੀਵੀ ਸੁੱਖ (ਅਨੰਦ) ਗੁਰੂ ਦੀ ਗੁਫਾ (ਸਾਧ ਸੰਗਤਿ) ਵਿੱਚੋਂ ਮਿਲਦਾ ਹੈ। ਜਿੰਨੀ ਦੇਰ ਤੱਕ ਅਸੀਂ 'ਅਨੰਦਪੁਰ' ਦੇ ਵਾਸੀ ਨਹੀਂ ਬਣਦੇ, ਸਦੀਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ। ਅਨੰਦ-ਪੁਰ ਦੇ ਵਾਸੀ ਬਣਨ ਲਈ ਸਾਨੂੰ ਆਪਣਾ ਸੀਸ ਸਤਿਗੁਰੂ ਅੱਗੇ ਵੇਚਣਾ ਪੈਂਦਾ ਹੈ, ਤਨ ਮਨ ਧਨ ਗੁਰੂ ਨੂੰ ਭੇਟ ਕਰਕੇ ਉਸ ਦੇ 'ਹੁਕਮੀ ਬੰਦੇ', ਬੇ-ਖ੍ਰੀਦੀ ਲਾਲੇ ਗੋਲੇ (ਗੁਲਾਮ) ਬਣਨਾ ਪੈਂਦਾ ਹੈ, ਸਿਰ ਸੁੱਟ ਕੇ 'ਗੁਰੂ ਘਰ' ਦੀ ਸੇਵਾ ਵਿੱਚ ਜੁਟਣਾ ਪੈਂਦਾ ਹੈ।

ਜਿਨ੍ਹਾਂ ਮਨੁੱਖਾਂ ਤੇ ਪ੍ਰਭੂ ਦੀ ਨਦਰਿ (ਮਿਹਰ) ਹੁੰਦੀ ਹੈ, ਉਹ ਮਾਇਆ ਦੇ ਰੰਗ ਤਮਾਸ਼ਿਆਂ, ਨਾਚ ਗਾਣਿਆਂ ਵਲੋਂ ਮੁੱਖ ਮੋੜ ਕੇ ਸਾਧ ਸੰਗਤਿ ਵਿੱਚ ਬੈਠਣਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਦੀ ਲਿਵ (ਪ੍ਰੀਤ) ਗੁਰੂ ਚਰਨਾਂ ਨਾਲ ਜੁੜ ਜਾਂਦੀ ਹੈ। ਉਹ ਗੁਰ ਉਪਦੇਸ਼ ਨੂੰ ਸੁਣ ਕੇ ਅੰਮ੍ਰਿਤ ਛਕ ਲੈਂਦੇ ਹਨ, ਨਿਗੁਰੇ ਤੋਂ ਗੁਰੂ ਵਾਲੇ ਬਣ ਕੇ 'ਨਾਮ' ਸਿਮਰਨ ਦੀ ਸੱਚੀ ਕਾਰੇ ਜੁੱਟ ਜਾਂਦੇ ਹਨ, ਗੁਰਮੁਖ ਸਖੀ ਸਹੇਲੀਆਂ ਵਿੱਚ ਪੰਜੇ ਗਿਆਨ ਇੰਦ੍ਰਿਆਂ ਨਾਲ ਮਿਲ ਕੇ ਭਾਵ ਸੁਰਤਿ ਟਿਕਾ ਕੇ ਮੰਗਲ (ਖੁਸ਼ੀ ਦੇ ਗੀਤ) ਗਾਉਂਦੇ ਹਨ। ਸਾਧ-ਸੰਗਤਿ ਵਿੱਚ ਹਰਿ ਜਸ ਦੀਆਂ ਘੁੰਮਰਾਂ ਪਾਉਂਦੇ ਹਨ। ਇਤਿ ਮਾਰਗ ਚਲਦੇ ਗੁਰੂ ਕੇ ਸਿੱਖ 'ਸੋ ਦਰੁ' ਪੁੱਜ ਜਾਂਦੇ ਹਨ। 'ਬੂਹਾ' ਖੁੱਲ੍ਹ ਜਾਂਦਾ ਹੈ, ਆਤਮਾ ਪਰਮ-ਆਤਮਾ (ਪਰਮਾਤਮਾ) ਨਾਲ ਮਿਲ ਕੇ ਦੋ ਤੋਂ ਇੱਕ ਹੋ ਜਾਂਦੇ ਹਨ, ਕੋਈ ਭਿੰਨ ਭੇਦ ਨਹੀਂ ਰਹਿ ਜਾਂਦਾ।

"ਹਰਿ ਨਾਨਕ ਭੇਦ ਨ ਭਾਈ।।"

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸਵਾਲ ਦਾ ਜਵਾਬ ਦਿੰਦੇ ਹੋਏ ਕਹਿੰਦੇ ਹਨ-

ਮੇਰੇ ਰਾਮ ਰਾਇ ਇਨਿ ਬਿਧਿ ਮਿਲੈ ਗੁਸਾਈ।।
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ,
ਮਿਲਿ ਜੋਤੀ ਜੋਤਿ ਸਮਾਈ।।

ਹਾਂ ਜੀ ! "ਇਨ ਬਿਧਿ ਮਿਲੈ ਗੁਸਾਈ।" ਸਹਿਜ ਪਦ (ਆਤਮਕ ਅਡੋਲਤਾ) ਦੀ ਪ੍ਰਾਪਤੀ ਹੋ ਜਾਂਦੀ ਹੈ। ਇੱਕ ਖਿਨ ਵਿੱਚ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਕਪਾਟ ਖੁੱਲਣ ਸਦਕਾ ਜਿੰਦ, ਪਰਮਾਤਮਾ ਦੀ ਜੋਤਿ ਨਾਲ ਮਿਲ ਕੇ ਇੱਕ ਮਿੱਕ ਹੋ ਜਾਂਦੀ ਹੈ, ਜੀਵ ਸਾਰੇ ਗੁਣਾ ਦੇ ਮਾਲਕ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।

"ਸੂਰਜ ਕਿਰਣਿ ਮਿਲੇ, ਜਲ ਕਾ ਜਲੁ ਹੂਆ ਰਾਮ।।
ਜੋਤੀ ਜੋਤਿ ਰਲੀ, ਸੰਪੂਰਨੁ ਥੀਆ ਰਾਮ।।"

(ਪੰਨਾ ੮੪੬)

ਭਾਵ ਬਰਫ ਨੂੰ ਜਦੋਂ ਸੂਰਜ ਕਿਰਨ ਦਾ ਨਿੱਘ (ਗਰਮੀ) ਮਿਲਦਾ ਹੈ ਤਾਂ ਉਹ ਪਿਘਲ ਕੇ ਪਾਣੀ ਬਣ ਜਾਂਦੀ ਹੈ, ਪਾਣੀ ਨਾਲ ਮਿਲ ਕੇ ਪਾਣੀ ਦਾ ਰੂਪ ਹੋ ਜਾਂਦੀ ਹੈ।

ਸਹਜ ਭਇਆ ਭ੍ਰਮੁ ਖਿਨ ਮਹਿ ਨਾਠਾ,
ਮਿਲਿ ਜੋਤੀ ਜੋਤਿ ਸਮਾਈ।।

## ਸ਼ਰਮਿੰਦਗੀ

ਸਤਿਗੁਰ ਸੱਚੇ ਪਾਤਸ਼ਾਹ, ਬਖਸ਼ੀਂ ਬੰਦਗੀ।
ਜਪ ਜੀਵਾਂ ਤੇਰਾ ਨਾਮ, ਟਹਿਕੇ ਜਿੰਦਗੀ।
ਡਗਮਗਾ ਗਏ ਕਦਮ ਜੇ,ਇਸ ਦਰਬਾਰ 'ਚੋਂ।
ਪਊ ਚੁਰਾਸੀ ਦਾ ਗੇੜ, ਮਿਲੂ ਸ਼ਰਮਿੰਦਗੀ।

('ਤੇਗ')



www.AKJ.Org

# ਸਿੱਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।।
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।।
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।।
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ।।
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤ ਪੀਜੈ।।
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।।੩।।

(ਸੂਹੀ ਛੰਤ ਮ: ੧, ਪੰਨਾ ੭੬੫-੬੬)

ਵਾਹ ! ਕਿਆ ਸੁੰਦਰ ਗੁਰ-ਸ਼ਿਖਸ਼ਾ ਭਰਿਆ ਗੁਰ-ਵਾਕ ਹੈ। ਗੁਣ ਗ੍ਰਾਹਕ ਗੁਰਮੁਖ ਜਨਾਂ ਨੂੰ ਗੁਣਾਂ ਦੇ ਵਾਸਲੇ ਵਿੱਚੋਂ ਕੇਵਲ ਗੁਣਾਂ ਰੂਪੀ ਵਾਸ਼ਨਾ ਦੇ ਹੀ ਕੱਢ ਲੈਣ ਦੀ ਗਾਹਕੀ ਹੈ। ਗੁਣਾਂ ਰੂਪੀ ਵਾਸ਼ਨਾ ਦੇ ਭਉਰਿਆਂ ਨੂੰ ਸਿਰਫ਼ ਫੁੱਲਾਂ ਦੀ ਵਾਸ਼ਨਾ ਸੰਦੀ ਹੀ ਆਸ਼ਕੀ ਹੁੰਦੀ ਹੈ। ਗੁਰਮੁਖ ਗੁਣ-ਗ੍ਰਾਹਕਾਂ ਨੂੰ ਗੁਰਸਿੱਖ ਸੱਜਣਾਂ ਦੇ ਗੁਰਮਤਿ ਗੁਣਾਂ ਨਾਲ ਹੀ ਵਾਸਤਾ ਹੁੰਦਾ ਹੈ। ਗੁਰਮਤਿ ਗੁਣਾਂ ਦੀ ਸਾਂਝ ਕਰਿ ਹੀ ਗੁਰਸਿੱਖ, ਗੁਰਸਿੱਖਾਂ ਦੇ ਪ੍ਰਸਪਰ ਪ੍ਰੇਮੀ ਹੁੰਦੇ ਹਨ। ਉਹਨਾਂ ਨੂੰ ਗੁਰਸਿੱਖ ਮੀਤਾਂ ਸੱਜਣਾਂ ਦੇ ਗੁਣਾਂ ਦੀ ਹੀ ਪ੍ਰੀਤ ਆਸ਼ਕੀ ਹੁੰਦੀ ਹੈ। ਇਸ ਗੁਣ ਪ੍ਰੀਤੀ ਦੀ ਗੰਢ ਕਰਿ ਹੀ ਗੁਰਸਿੱਖ, ਗੁਰਸਿੱਖ ਦਾ ਸ਼ੈਦਾਈ ਹੁੰਦਾ ਹੈ। ਗੁਰਸਿੱਖ ਪ੍ਰੇਮ ਸ਼ੈਦਾਈਆਂ ਨੂੰ ਗੁਰਸਿੱਖੀ ਦੇ ਗੁਣਾਂ ਦੀ ਸਾਂਝ ਹੀ ਪ੍ਰਸਪਰ ਬਣੀ ਰਹਿੰਦੀ ਹੈ। ਗੁਰਸਿੱਖ ਪ੍ਰਸਪਰ ਮਿਲ ਕੇ ਪ੍ਰਸਪਰੀ ਗੁਣਾਂ ਦੀ ਸਾਂਝ ਹੀ ਸਦੀਵੀ ਪਾਈ ਰੱਖਦੇ ਹਨ। "ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ" ਵਾਲੀ ਗੁਰਵਾਕ ਦੀ ਤੁਕ ਉਪਰ ਅਮਲ ਕਰਦੇ ਹੋਏ ਅਵੱਸ਼ ਅਗਲੀ ਤੁਕ ਦੀ ਅੰਦਰਲੀ ਗੁਣ ਧਾਰਨਾ ਦੇ ਭੀ ਧਾਰਨੀ ਬਣਦੇ ਹਨ-"ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।।" ਵਾਹੁ ਕੈਸੀ ਉੱਤਮ ਗੁਰਮੱਤੜੀ ! ਕੈਸੀ ਸੁਹਣੀ ਗੁਰ ਸਿੱਖਿਆ ਹੈ !! ਵਾਹੁ ! ਧੰਨ !! ਗੁਰਸਿੱਖਾਂ ਨੂੰ ਗੁਰਸਿੱਖਾਂ ਦੇ ਪ੍ਰਸਪਰੀ ਗੁਣਾਂ ਦੀ ਸਾਂਝ ਦਾ ਹੀ ਇਸ਼ਕ ਬਣਿਆ ਰਹਿੰਦਾ ਹੈ। ਉਹਨਾਂ ਨੂੰ ਇੱਕ ਦੂਜੇ ਦੇ ਅਉਗਣਾਂ ਨਾਲਿ ਕੋਈ ਵਾਸਤਾ ਨਹੀਂ ਹੁੰਦਾ। "ਛੋਡਿ ਅਵਗਣ ਚਲੀਐ" ਵਾਲੀ ਗੁਰਸਿੱਖੀ ਉੱਤੇ ਉਹਨਾਂ ਦਾ ਪੂਰਾ ਅਮਲ ਹੁੰਦਾ ਹੈ। ਕਿਸੇ ਦੇ ਅਉਗਣਾਂ ਨੂੰ ਨਾ ਚਿਤਾਰਨਾ, ਦੂਜੇ ਦੇ ਅਉਗਣਾ ਵੱਲ ਨਾ ਤੱਕਣਾ, ਜੇ ਤੱਕਣਾ ਤਾਂ ਵੇਖ ਕੇ ਅਣਡਿੱਠ ਕਰ ਦੇਣਾ, ਗੁਰਮੁਖ ਗੁਰਸਿੱਖਾਂ ਦਾ ਬਿਰਦ ਹੈ।

ਗੁਰਸਿੱਖਾਂ ਸੇਤੀ ਗੁਣਾਂ ਦੀ ਸਾਂਝ ਅਤੇ ਅਵਗੁਣਾਂ ਦਾ ਤਿਆਗ ਇਹ ਪ੍ਰਸਪਰ ਪਿਆਰ ਉਪਜਾਊ ਸੱਚਾ ਪ੍ਰੇਮ-ਨੁਸਖ਼ਾ ਹੈ, ਜਿਸ ਦੇ ਵਰਤਣ ਕਰਿ ਪ੍ਰੇਮ ਦੀ ਪੀਡੀ ਗੰਢ ਗੁਰਸਿੱਖਾਂ ਵਿਚਕਾਰ ਪਈ ਰਹਿੰਦੀ ਹੈ, ਜੋ ਕਦੇ ਨਹੀਂ ਟੁੱਟਦੀ। ਟੁੱਟੇ ਕਿਵੇਂ, ਨਾਮ ਦੀ ਆਕ੍ਰਖਣੀ ਤਾਰ-ਡੋਰੀ ਇਹ ਗੰਢ ਜੋੜੀ ਰੱਖਦੀ ਹੈ। ਗੁਰਮੁਖਿ ਨਾਮ-ਤਾਰ-ਪ੍ਰੋਤੇ ਹਿਰਦਿਆਂ ਅੰਦਰ ਇਕੋ ਜਲਵ-ਜਗੰਨ-ਜੋਤੀਸ਼ ਦੀ ਸਾਂਝੀ ਤਾਰ ਜੁ ਫਿਰੀ ਹੋਈ ਹੈ। ਸੱਚੀ ਸਾਂਝੀਵਾਲਤਾ ਦੀ ਇਹ ਨਾਮ-ਤਰਬ-ਤੁੰਗੀ-ਤਾਰ ਕਦੇ ਤੋੜੀ ਤੁਟਦੀ ਨਹੀਂ ਅਤੇ ਛੱਡੀ ਛੁੱਟਦੀ ਨਹੀਂ। ਨਾਮ ਅਭਿਆਸ ਕਮਾਈ ਤੋਂ ਸੱਖਣੇ ਜਗਿਆਸੂ ਜਨਾਂ ਦੇ ਹਿਰਦੇ, ਇਸ ਸਦ ਨਵਤਨ ਮਨ-ਵਿਗਸਾਨੀ ਤਾਰ ਤੋਂ ਸੁੰਞੇ ਹੋਣ ਕਰ ਸੱਚੇ ਪ੍ਰੇਮ ਤੋਂ ਵੀ ਵਾਂਞੇ ਰਹਿ ਜਾਂਦੇ ਹਨ।

ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ।।
ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ।।੧੧।।

(ਵਾਰਾਂ ਤੇ ਵਧੀਕ, ਸਲੋਕ ਮ: ੪, ਪੰਨਾ ੧੪੨੨)

ਪਰ ਇਹ ਸੱਚਾ ਪ੍ਰੇਮ ਪਿਆਰੁ ਇਸ ਉਪਰਲੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਪੂਰੇ ਦੀ ਕਲਾ-ਕ੍ਰਿਸ਼ਮੀ-ਕਿਰਪਾ ਕਟਾਖਸ਼ ਦੁਆਰਾ ਹੀ ਪਾ ਸਕੀਦਾ ਹੈ। ਜਿਨ੍ਹਾਂ ਦੇ ਉੱਪਰ ਸਤਿਗੁਰੂ ਪੂਰੇ ਦੀ ਇਹ ਕਿਰਪਾ ਹੋ ਗਈ ਓਹਨਾਂ ਦੇ ਅੰਦਰੋਂ ਇਹ ਸੱਚਾ ਪ੍ਰੇਮ ਪਿਆਰ-ਰੰਗ "ਕਬਹੂ ਨ ਹੋਵੈ ਭੰਗੁ" ਕਦੇ ਭੰਗ ਨਹੀਂ ਹੋਵੇਗਾ। ਇਸ ਪ੍ਰੇਮ ਪਿਆਰ ਰੰਗ ਰਤੇ ਹੋਣ ਕਰਿ ਓਹਨਾਂ ਦੇ ਅੰਤਰ "ਹਰਿ ਗੁਣ ਗਾਈਐ"। ਪ੍ਰਸਪਰ ਹਰਿ ਗੁਣ ਗਾਉਣ, ਹਰਿ ਹਰਿ ਕੀਰਤਨ ਕਰਨ ਦਾ ਅਤਿ ਗੁਣ ਅਮਲ ਦਿਨੋ ਦਿਨ ਜਿਉਂ ਜਿਉਂ ਬਣਿਆ ਬਣਾਤਾ ਰਹੇਗਾ, ਤਿਉਂ ਤਿਉਂ ਉਹਨਾਂ ਗੁਰਸਿੱਖਾਂ, ਹਰਿ-ਗੁਣ-ਗਾਵਣਹਾਰਿਆਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਹਰਿਆ ਭਰਿਆ ਅਤੇ ਵਧਿਆ ਫੁਲਿਆ ਰਹੇਗਾ। ਗੁਰ ਸਤਿਗੁਰ ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਜਿਉਂ ਜਿਉਂ ਨਿੱਤ ਨਿਯਮ ਅਨੁਸਾਰ ਗੁਰੂ ਕੇ ਸਿੱਖ ਪ੍ਰਸਪਰ ਰਲ ਮਿਲ ਕੇ ਹਰਿ ਗੁਣ ਗਾਵਣਗੇ, ਜਿਉਂ ਨਾਮ ਅਭਿਆਸ ਦੀਆਂ ਕਮਾਈਆਂ ਕਰਨਗੇ, ਤਿਉਂ ਤਿਉਂ ਤਿਨ੍ਹਾਂ ਉੱਪਰ ਸਤਿਗੁਰੂ ਦੀ ਕ੍ਰਿਪਾ ਦਾ ਕਟਾਖਸ਼ੜਾ ਦਿਨੋ ਦਿਨ ਵਧੇਰੇ ਖਿੜਦਾ ਰਹੇਗਾ ਅਤੇ ਤਿਨ੍ਹਾਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਦਿਨੋ ਦਿਨ ਗੂੜ੍ਹਾ ਅਤੇ ਅਤਿ ਰੰਗ ਰੂੜ੍ਹਾ



www.AKJ.Org

ਹੁੰਦਾ ਜਾਏਗਾ। ਪਰ ਇਹ ਕਿਰਪਾ-ਕਟਾਖਸ਼ੀ ਗੁਰੂ ਮੇਹਰ ਤਿਨ੍ਹਾਂ ਜਨਾਂ ਪਰ ਹੀ ਹੋਵੇਗੀ ਜੋ ਗੁਰੂ ਦੀ ਆਗਿਆ ਸਤਿ ਸਤਿ ਕਰ ਮੰਨਣਗੇ। ਆਗਿਆਕਾਰੀ ਗੁਰਸਿੱਖਾਂ ਉਤੇ ਜ਼ਰੂਰ ਹੀ ਗੁਰੂ ਦੀ ਕਿਰਪਾ ਦਾ ਛਾਜ ਵਹਾਰ (ਅਮੁਕ ਵਹਾ) ਹੈ। ਸਤਿਗੁਰੂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੱਚਾ ਹੁਕਮ ਹੈ :-

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ।।
ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ।।੧।।

(ਬਸੰਤ ਮ: ੫, ਪੰਨਾ ੧੧੮੫)

ਗੁਰੂ ਸੱਚੇ ਪਾਤਸ਼ਾਹ ਦੇ ਇਸ ਸੱਚੇ ਹੁਕਮ ਅਨੁਸਾਰੀ ਤਾਮੀਲਦਾਰੀ ਹੁੰਦੇ ਹੋਏ ਜੋ ਗੁਰਸਿੱਖ ਕੀਰਤਨ-ਮੰਡਲ ਵਿੱਚ ਇਕੱਤਰ ਹੋਇ ਕੇ ਪ੍ਰਸਪਰੇ ਮਿਲ ਬੈਠਣ ਦਾ ਅਤੇ ਹਰਿਗੁਣ ਗਾਵਣ ਦਾ ਹੁਕਮ ਕਮਾਵੰਦੇ ਹਨ ਉਨ੍ਹਾਂ ਦੀ ਹਰਿ-ਕੀਰਤਨ-ਲਿਵਤਾਰ ਦੀ ਪਾਰਸ-ਕਲਾ ਦੁਆਰਾ ਦੁਬਿਧਾ ਦੂਰ ਹੋ ਜਾਂਦੀ ਹੈ। ਓਹਨਾਂ ਦੇ ਹਰਿ-ਕੀਰਤਨੀ-ਮੰਡਲ ਵਿੱਚ ਜੁੜਿ ਬੈਠਣਹਾਰਿਆਂ, ਹਰਿ-ਗੁਣ-ਲਿਵਤਾਰੀਆਂ ਦੇ ਹਿਰਦਿਆਂ ਅੰਦਰ ਨਾਮ-ਕਿਰਨ-ਰਸ-ਜੋਤਿ ਦੀ ਸਾਂਝੀ ਤਾਰ ਫਿਰ ਜਾਂਦੀ ਹੈ ਅਤੇ ਇਹੀ ਕਿਰਨ-ਰਸ-ਜੋਤਿ-ਬੇਧਵੀਂ-ਸਾਂਝੀ ਤਾਰ ਸਗਲ ਜਨਾਂ ਦੇ ਘਟਾਂ ਅੰਦਰ ਜੋਤਿ ਜੁੜੰਨੀ ਅਤੇ ਤਰਬ ਤ੍ਰੁੰਗਨੀ ਹੋਣ ਕਰਿ ਸਭ ਨੂੰ ਹਰਿ ਨਾਮੈ ਦੇ ਜੋੜੀ, ਸੱਚੇ ਜੋੜੀ, ਸੱਚੀ ਜੋਤਿ-ਜੁੜੰਨੇ-ਜੋੜੀ ਬਣਾਇ ਦੇਂਦੀ ਹੈ। ਐਸੇ ਹਰਿ ਨਾਮੈ ਦੇ ਜੋੜੀ ਗੁਰਮੁਖ ਭਗਤ ਜਨ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰਿ ਸਫਾ ਵਿਛਾਇ ਕੈ ਬਹਿੰਦੇ ਹਨ, ਧੂੜੀ ਵਿੱਚ ਲੁਡੰਦੜੇ ਹੀ ਸੋਹੰਦੇ ਹਨ। ਇਕੋ ਸਫਾ ਵਿੱਚ, ਇਕ ਸਫ ਉਤੇ ਨਿਰਮਾਣ ਹੋ ਕੇ ਗੁਰੂ ਸਤਿਗੁਰੂ ਜੀ ਦੀ ਧੂੜ ਲਡਨੂਰੀ ਹਜ਼ੂਰੀ ਵਿਚਿ ਪ੍ਰਸਪਰ ਪ੍ਰੇਮ ਪਿਆਰ ਦਾ ਸੰਧੂਰ ਲਾਇ ਮੁਸਕਾਇ ਕੇ ਬਹਿੰਦੇ ਹਨ।

ਇਕੋ ਸੰਗਤ ਪੰਗਤ ਵਿੱਚ ਨੀਵੇਂ ਨਿਰਮਾਣ ਹੋ ਕੇ ਗੁਰੂ ਹਜ਼ੂਰੀ ਮਜਨ-ਧੂਰੀਆਂ ਅਤੇ ਨਾਮ ਰਸ ਸੰਧੂਰੀ ਗੁਰਮੁਖ ਰੂਹਾਂ ਨੂੰ, ਭਲਾ ਕੁਰਸੀ-ਨਸ਼ੀਨੀਆਂ ਦਾ ਕਮਲ ਅਤੇ ਚੁਧਰੰਮ ਬੜਰੰਮੀ ਰੋਗ ਕਾਹਨੂੰ ਸੁਖਾਉਂਦਾ ਸੋਹਾਉਂਦਾ ਹੈ। ਓਹ ਕੁਰਸੀਆਂ ਉਪਰ ਉਸਰਿ ਕੇ ਬੈਠਣ ਨਾਲੋਂ ਇਕੋ ਸਾਂਝੀ ਸਫਾ ਵਿਚਿ ਅਦਬ ਸਹਿਤ ਗੁਰੂ ਹਜ਼ੂਰੀ ਵਿੱਚ ਰਲ ਮਿਲ ਬੈਠ ਕੇ ਹਰਿ ਨਾਮੈ ਦੀ ਜੋੜੀ ਹੋਵਣਾ ਹੀ ਸਤਿਗੁਰੂ ਦੀ ਸੱਚੀ ਆਗਿਆ ਦਾ ਪਾਲਨ ਸਮਝਦੇ ਹਨ ਅਤੇ ਇਸ ਆਗਿਆ ਪਾਲਨ ਤੇ ਓਹਨਾਂ ਨੂੰ ਅਵੱਸ਼ ਸੱਚੇ ਰੰਗ ਲੱਗਦੇ ਹਨ। ਇਸ ਸੱਚੀ ਸਾਂਝੀਵਾਲਤਾ ਦੀ ਸੱਚੀ ਸਿਪਿਰਟ ਵਿੱਚ ਕੀਤੀ ਹੋਈ ਕੋਈ ਭੀ ਗੁਰੂ ਕੀ ਕਾਰ-ਸੇਵਾ ਆਪਣਾ ਰੰਗ ਲਿਆਏ ਬਿਨਾਂ ਆਹਲੀ ਨਹੀਂ ਜਾਂਦੀ। ਇਸ ਸੱਚੀ ਸਪਿਰਿਟ ਵਿੱਚ ਗੁਰੂ ਅਤੇ ਗੁਰੂ ਪੰਥ ਦੀ ਸੇਵਾ ਕਮਾਵਣਹਾਰਿਆਂ ਦਾ ਹਿਰਦਾ ਸਦਾ ਹੀ ਇਕ ਦੂਜੇ ਦੀ ਰੇਣ ਹੋਇ ਰਹਿਣ ਨੂੰ ਪਸੀਜਿਆ ਪਸਮਿਆ ਰਹਿੰਦਾ ਹੈ। ਉਹ ਇੱਕ ਦੂਜੇ ਦੇ ਅਉਗੁਣ ਚਿਤਾਰਦੇ ਹੀ ਨਹੀਂ। ਉਹਨਾਂ ਨੂੰ ਆਪਣੇ ਸਾਂਝੀਵਾਲ ਸੇਵਕ ਜਨ ਭਰਾਵਾਂ ਅੰਦਰ ਸਾਰੇ ਗੁਣ ਹੀ ਗੁਣ ਭਾਸਦੇ ਹਨ। ਸੱਚੀ ਪ੍ਰੀਤ ਦੀ ਸ਼ੁੱਭ ਨੀਸ਼ਾਨੀ ਇਹੀ ਹੈ। ਪ੍ਰੀਤਵਾਨ ਨੂੰ ਆਪਣੇ ਪ੍ਰੀਤਮ ਦੇ ਅਉਗਣ ਭੀ ਗੁਣ ਹੀ ਪ੍ਰਤੀਤ ਹੁੰਦੇ ਹਨ।

**ਅਕਾਲੀ ਲਹਿਰ ਦਾ ਸਮਾਂ ਤੇ ਗੁਣਾਂ ਦਾ ਪਿਆਰ-**

ਏਸ ਸੱਚੇ ਪ੍ਰੀਤ ਪਿਆਰ ਦੀ ਝਲਕ ਦਾ ਨਜ਼ਾਰਾ ਗੁਰੂ ਪੰਥ ਦੇ ਸੇਵਕਾਂ ਅੰਦਰਿ ੧੯੨੬-੨੭ ਵਿੱਚ ਕੈਸਾ ਚੜ੍ਹਦੀਆਂ ਕਲਾਂ ਵਿੱਚ ਰੰਗ ਦਿਖਾ ਰਿਹਾ ਸੀ। ਉਸ ਸਮੇਂ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਹੋਇ ਕੇ ਅਤੇ "ਸੁਣਿ ਮੀਤਾ ਧੂਰੀ ਕਉ ਬਲਿ ਜਾਈ" ਦੇ ਆਸ਼ਕ ਹੋਇ ਕੇ ਅਸਾਡੇ ਪੰਥ-ਸੇਵਕ ਸੇਵਾ ਕਮਾਇ ਰਹੇ ਸਨ। ਓਹ ਆਪਣੇ ਸੱਜਣ ਮਿੱਤਰ ਗੁਰਸਿੱਖ ਭਰਾਵਾਂ ਦੇ ਸਦ ਗੁਣ ਹੀ ਸਦਾ ਦੇਖਦੇ ਚਿਤਾਰਦੇ ਅਤੇ ਸਤਿਕਾਰਦੇ ਸਨ। ਓਹਨਾਂ ਨੂੰ ਓਦੋਂ ਇੱਕ ਦੂਜੇ ਦੇ ਅਵਗੁਣ ਦੇਖਣ ਦਾ ਅਤੇ ਛਿੱਦਰ ਫੋਲਣ ਦਾ ਵਿਹਲ ਕੁਚਸਕਾ ਹੀ ਨਹੀਂ ਸੀ। ਓਹਨਾਂ ਦੀ ਗੁਰ-ਗੰਮ-ਗੁਣੀ-ਸੱਚੀ-ਸਾਂਝੀਵਾਲਤਾ ਤੋਂ ਉਪੰਨੀ ਨਿਰਮਾਣ ਸੇਵਾ ਆਪਣਾ ਅਲੋਕਿਕ ਰੰਗ ਲਿਆਈ ਅਤੇ ਫੇਰ ਭੀ ਲਿਆਵੇਗੀ। ਭਾਣੇ ਅੰਦਰ ਗੁਰੂ ਨੂੰ ਇਹ ਮਨਜ਼ੂਰ ਹੋਸੀ ਕਿ ਗੁਰਸਿੱਖ ਸੇਵਕ ਆਗੂਆਂ ਵਿੱਚ ਭੀ ਹਉਮੈ, ਕਾਂਪ-ਖਾ-ਗਈ-ਬਿਰਤੀ ਅੰਦਰ, ਰਾਈ ਮਾਤਰ ਰੋਗ ਭੀ ਨਾ ਰਹਿ ਜਾਵੇ। ਗੁਰੂ ਸੱਚੇ ਪਾਤਸ਼ਾਹ ਨੂੰ ਇਹ ਦੇਖਣਾ ਨਹੀਂ ਭਾਂਵਦਾ ਕਿ ਗੁਰੂ ਕੇ ਸਿੱਖਾਂ ਸੇਵਕਾਂ ਵਿੱਚ ਕਿਸੇ ਰੋਗ ਕੀ ਕਮੀ, ਕੋਈ ਖਾਮੀ, ਕਚਿਆਈ ਬਾਕੀ ਰਹਿ ਜਾਵੇ। ਹਉਮੈ ਬਫਣ-ਬਫ਼ਾਈ ਵਿੱਚ ਹੁਣ ਬਹੁਤ ਹੰਢਿਆ ਹੰਭਿਆ ਗਿਆ ਹੈ। ਹੁਣ ਜ਼ਰੂਰ ਸੁਰਤਿ ਪਰਤਣੀ ਚਾਹੀਏ, ਪਰ ਪਰਤੇਗੀ ਇਸ ਲੇਖ ਦੇ ਸਿਰਲੇਖ ਵਾਲੇ ਗੁਰਵਾਕ ਦੇ ਉਚ-ਭਾਵੀ ਪ੍ਰਭਾਵ ਹੇਠ। ਹਾਂ ਜੀ "ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ" ਹਾਂ ਜੀ ! ਫੇਰ ਪੜ੍ਹੋ
"ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।।
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।।"



www.AKJ.Org

ਹਾਂ ਪਿਆਰੇ ਜੀ "ਛੋਡਿ ਅਵਗਣ ਚਲੀਐ"। ਵਾਹੁ ਵਾਹੁ ਕਿਆ ਸੋਹਣੀ ਗੁਰਵਾਕ ਚੇਤਾਵਨੀ ਚੇਤੇ ਆਈ ਹੈ :-

ਹਉ ਬਲਿਹਾਰੀ ਸਾਜਨਾ
ਮੀਤਾ ਅਵਰੀਤਾ।।
ਇਹੁ ਤਨੁ ਜਿਨ ਸਿਉ ਗਾਡਿਆ
ਮਨੁ ਲੀਅੜਾ ਦੀਤਾ।।
ਲੀਆ ਤ ਦੀਆ ਮਾਨੁ ਜਿਨ ਸਿਉ
ਸੇ ਸਜਨ ਕਿਉ ਵੀਸਰਹਿ।।
ਜਿਨੁ ਦਿਸਿ ਆਇਆ ਹੋਹਿ ਰਲੀਆ
ਜੀਅ ਸੇਤੀ ਗਹਿ ਰਹਹਿ।।
ਸਗਲ ਗੁਣ ਅਵਗਣੁ ਨ ਕੋਈ
ਹੋਹਿ ਨੀਤਾ ਨੀਤਾ।।
ਹਉ ਬਲਿਹਾਰੀ ਸਾਜਨਾ
ਮੀਤਾ ਅਵਰੀਤਾ।।੨।।

(ਸੂਹੀ ਛੰਤ ਮ: ੧, ਪੰਨਾ ੭੬੫)

ਹਾਂ ਜੀ ! ਹਉ ਬਲਿਹਾਰੀ ! ਬਲਿਹਾਰੀ ਸਾਜਨਾ ! ਬਲਿਹਾਰੀ ! ਹਾਂ ਜੀ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ !! ਮੀਤਾ ਅਵਰੀਤਾ ! ਅਵਰੀਤਾ ਵਿਸੇਖ ਰੀਤਿ ਵਾਲੇ ਸ੍ਰੇਸ਼ਟ ਕਰਮੀ ਗੁਰਸਿੱਖ ਸੇਵਕ ਸਜਨ ਜਨ ਮੀਤ ਅਵਰੀਤ ਜਨਾਂ ਤੋਂ ਹਉ ਬਲਿਹਾਰੀ। ਹਾਂ ਜੀ ਸਾਨੂੰ ਤਾਂ ਓਹ ਜੇਲ੍ਹਿ ਬੈਠਿਆਂ ਭੀ, ਹਜ਼ਾਰੀ ਬਾਗ, ਰਾਜ ਮੰਦਰੀ, ਨਾਗ ਪੁਰ ਦੇ ਸੁਰਾਜ ਮੰਦਰਾਂ ਵਿੱਚ ਬੈਠਿਆਂ ਭੀ ਅਸਾਡੇ ਪੰਥ ਸੇਵਕ ਰਤਨ ਭੂਸ਼ਨਾਂ ਦੇ "ਸਗਲ ਗੁਣ ਅਵਗਣੁ ਨ ਕੋਈ" ਹੀ ਭਾਸਦੇ ਸਨ ਅਤੇ ਹੁਣ ਭੀ ਨਿਰੇ ਗੁਣ ਹੀ ਗੁਣ ਭਾਸ ਰਹੇ ਹਨ। ਆਹ ! ਅਸਾਨੂੰ ਯਾਦ ਹੈ, ਦਾਸ ਅਤੇ ਦਾਸ ਦਾ ਸੱਚੜਾ ਸੁਹਿਰਦ ਵੀਰ ਭਾਈ ਕਰਤਾਰ ਸਿੰਘ ਕੈਨੇਡੀਅਨ ਚੰਦ ਨਿਵਾਸੀ ਕੋਈ ਜਾਣੇ ਨਾਗਪੁਰ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿੱਚ ਬੈਠੇ ਦਰਜਨਾਂ ਵਰ੍ਹਿਆਂ ਦੇ ਦੂਰ-ਧਿਆਨੀ ਹੋਏ ਬੈਠੇ, ਕਿਸ ਹਸਰਤ, ਕਿਸ ਫ਼ਖਰ, ਕਿਸ ਸਨਮਾਨ ਭਰੇ ਚਾਉ ਨਾਲ ਆਪਣੇ ਦੂਲੇ ਪੰਥ ਦੇ, ਬਾਹਰ ਦੀ ਦੁਨੀਆਂ ਵਿੱਚ ਘਾਲਾਂ ਘਾਲ ਰਹੇ, ਪੰਥ ਦੁਲਾਰਿਆਂ ਦੀਆਂ ਕਮਲ ਜਮਾਲ ਕਰਨੀਆਂ ਨੂੰ ਵਿਚਾਰ ਵਿਚਾਰ ਵਿਗਸਦੇ ਹੁੰਦੇ ਸੀ ਅਤੇ ਅਸਾਡੇ ਦਿਲਾਂ ਦਿਮਾਗਾਂ ਅੰਦਰ ਹੁਣ ਤਾਈਂ ਭੀ ਓਹਨਾਂ ਕਮਲ ਜਮਾਲ ਕਰਨੀਆਂ ਦੀ ਖੁਸ਼ਬੋਈ ਸਮਾਈ ਪਈ ਹੈ। ਸਾਨੂੰ ਤਾਂ ਉਹਨਾਂ ਦੇ ਗੁਣ ਹੀ ਗੁਣ ਚੇਤੇ ਹਨ। ਅਸੀਂ ਹੈਰਾਨ ਹਾਂ ਕਿ ਅਸਾਡੇ ਉਕਤ ਕਮਲ ਕਮਾਲੀ ਭਰਾਵਾਂ ਦੇ ਹਿਰਦਿਆਂ ਵਿੱਚ ਭੀ ਓਹੀ ਕਣੀ ਕਿਉਂ ਨਹੀਂ ਸਮਾਇ ਰਹੀ ! ਪ੍ਰਸਪਰ ਇੱਕ ਦੂਜੇ ਦੇ ਗੁਣ ਕਿਉਂ ਨਹੀਂ ਦੇਖ ਰਹੇ ! ਗੁਣਾਂ ਦੀ ਸਾਂਝ ਕਿਉਂ ਨਹੀਂ ਰੱਖ ਰਹੇ ! "ਛੋਡਿ ਅਵਗਣ ਚਲੀਐ" ਵਾਲੀ ਗੁਰ-ਫੁਰਮਾਨ-ਦਰਸਾਈ ਕਰਨੀ ਕਿਉਂ ਨਹੀਂ ਕਮਾਇ ਰਹੇ ! ਸਤਿਗੁਰੂ ਨੇ ਆਪਣੀ ਅਪਾਰ ਕਿਰਪਾ ਕਰ ਇਕ ਵਾਰ ਭੀ ਜਿਨ੍ਹਾਂ ਵਿਅਕਤੀਆਂ ਤੋਂ ਉਚ ਦਰਜੇ ਦੀ ਸੇਵਾ ਲਈ ਹੈ, ਓਹਨਾਂ ਤੋਂ ਦਾਸ ਦਾ ਇਹ ਹੀਅੜਾ ਵਾਰਨੇ ਬਲਿਹਾਰਨੇ ਜਾ ਰਹਿਆ ਹੈ। ਉਹਨਾਂ ਦੀਆਂ ਸੇਵਾ ਘਾਲਾਂ ਚੇਤੇ ਕਰਿ ਕਰਿ ਸਾਨੂੰ ਤਾਂ ਓਹਨਾਂ ਦੇ ਉਕਤ ਕਾਰਨਾਮੇ ਹੀ ਚਿਤਾਰਨੇ ਭਾਵੰਦੇ ਹਨ।

**ਅਉਗੁਣ ਨ ਚਿਤਾਰੋ-**

ਅਸੀਂ ਅਲਪੱਗ ਹਾਂ। ਭੁੱਲਾਂ ਅਸਾਡੇ ਵਿੱਚ ਹੀ ਹਨ -

ਭੁਲਣ ਅੰਦਰਿ ਸਭੁ ਕੋ
ਅਭੁਲੁ ਗੁਰੂ ਕਰਤਾਰੁ।।੮।।੧੨।।

(ਸਿਰੀ ਰਾਗੁ ਮ: ੧, ਪੰਨਾ ੬੧)

ਤਥਾ -ਭੁਲਣ ਵਿਚਿ ਕੀਆ ਸਭੁ ਕੋਈ
ਕਰਤਾ ਆਪਿ ਨ ਭੁਲੈ।।੮।।੪।।

(ਪ੍ਰਭਾਤੀ ਮ: ੧, ਪੰਨਾ ੧੩੪੪)

ਗੁਰਵਾਕਾਂ ਅਨੁਸਾਰ ਗੁਰੂ ਕਰਤਾਰ ਤੋਂ ਛੁੱਟ ਅਸੀਂ ਸੱਭੇ ਹੀ ਭੁੱਲਣਹਾਰ ਹਾਂ। ਫੇਰ ਕਿਸੇ ਦੇ ਅਵਗੁਣ ਕਾਸਨੂੰ ਚਿਤਾਰੀਏ ? ਆਉ ਸਭਸ ਦੇ ਗੁਣ-ਚਿਤਾਰੀ-ਵਾਸ-ਭੰਵਰੇ ਹੀ ਬਣੀਏ। ਸਾਨੂੰ ਤਾਂ ਰਹਿ ਰਹਿ ਕੇ ਅਸਾਡੀ ਪੰਥ-ਫੁਲਵਾੜੀ ਦੇ ਫੁੱਲਾਂ ਦੀ ਮਹਿਕ ਹੀ ਮਹਿਕ ਚੇਤੇ ਆ ਰਹੀ ਹੈ। ❖❖❖❖❖

ਗੁਰੂਆਂ ਦਾ ਸਤਿਯੁਗ (ਸਤਿ ਧਰਮ ਦਾ ਰਾਜ) ਆ ਜਾਣ ਤੇ ਸਮਾਧਾਂ ਦੀ ਪੂਜਾ ਤਥਾ ਗੁੱਗੇ ਦੀਆਂ ਮੜ੍ਹੀਆਂ ਦੀ ਪੂਜਾ ਅਤੇ ਕਰਵਿਆਂ ਦੀ ਪੂਜਾ ਨਹੀਂ ਰਹੇਗੀ। ਕੋਈ ਭੀ ਮਨੁੱਖ ਗੁਰਦੁਆਰੇ ਦੀ ਚਾਰ ਦੀਵਾਰੀ ਦੇ ਅੰਦਰ ਤਮਾਕੂ ਸੁਲਫ਼ਾ ਨਹੀਂ ਪੀ ਸਕੇਗਾ। ਜਿਨ੍ਹਾਂ ਜਿਨ੍ਹਾਂ ਥਾਵਾਂ ਤੇ 'ਆਦਿ ਗੁਰੂ ਗ੍ਰੰਥ' ਨੂੰ ਗੁਪਤ ਕਰ ਦਿੱਤਾ ਗਿਆ ਹੈ, ਉਨ੍ਹਾਂ ਉਨ੍ਹਾਂ ਥਾਵਾਂ ਤੇ 'ਆਦਿ ਗੁਰੂ ਗ੍ਰੰਥ' ਫਿਰ ਸ਼ੋਭਾ ਪਾਣਗੇ। 'ਆਦਿ ਗੁਰੂ ਗ੍ਰੰਥ' ਦੇ ਨਾਲ ਵਿਰੋਧ ਕਰਨੇ ਵਾਲਾ ਕੋਈ ਭੀ ਵਿਅਕਤੀ ਸੁਖੀ ਨਹੀਂ ਰਹਿ ਸਕੇਗਾ। ਮੇਰਾ ਇਹ ਅਨੁਭਵ ਹੈ। – ਸਵਾਮੀ ਰਾਮ ਤੀਰਥ, ਦੰਡੀ ਸੰਨਿਆਸੀ।



www.AKJ.Org

# ਸਹਿਜ ਪਦ

ਸੂਬੇਦਾਰ ਧਰਮ ਸਿੰਘ ਸੁੱਜੋਂ, (ਯੂ.ਕੇ)

ਸਹਜੇ ਮਰੈ ਅਮਰੁ ਹੋਇ ਸੋਈ (੩੨੭)

ਇਕ ਸੰਤ ਜੀ ਨੂੰ ਇਸ ਪਦ ਦੇ ਅਰਥ ਇਸ ਪਰਕਾਰ ਕਰਦੇ ਹੋਏ ਸੁਣਿਆ ਗਿਆ ਕਿ ਜੋ ਪ੍ਰਾਣੀ ਸਹਿਜੇ ਸਹਿਜੇ ਭਾਵ ਆਹਿਸਤਾ ਆਹਿਸਤਾ ਮਰੇ ਉਹ ਅਮਰ ਹੋ ਜਾਂਦਾ ਹੈ, ਜੇ ਇਸ ਅਰਥ ਨੂੰ ਦਰੁਸਤ ਮੰਨ ਲਿਆ ਜਾਵੇ ਤਾਂ ਕਸਾਈਆਂ ਹੱਥੋਂ ਕਤਲ ਹੋਏ ਸਾਰੇ ਹੀ ਬੱਕਰੇ ਅਮਰ ਹੋਏ ਮੰਨਣੇ ਪੈਣਗੇ ਕਿਉਂਕਿ ਕਸਾਈ ਬੱਕਰੇ ਦੇ ਗਲੇ ਤੇ ਛੁਰੀ ਸਹਿਜੇ ਸਹਿਜੇ ਹੀ ਤਾਂ ਫੇਰਦਾ ਹੁੰਦਾ ਹੈ। ਜੇ ਇਹ ਕੀਤੇ ਅਰਥ ਠੀਕ ਨਹੀਂ ਤਾਂ ਵਿਚਾਰ ਕਰਨਾ ਪਵੇਗਾ ਕਿ ਇਸ ਉੱਪਰ ਲਿਖੀ ਤੁਕ ਵਿੱਚ ਸਹਿਜ ਪਦ ਦਾ ਅਰਥ ਕਿਆ ਹੋਇਆ ?

ਜਦੋਂ ਅਸੀਂ ਆਪਣੇ ਕਿਸੀ ਲੜਕੇ ਜਾਂ ਲੜਕੀ ਦੀ ਸ਼ਾਦੀ ਕਰਨੀ ਹੁੰਦੀ ਹੈ ਤਾਂ ਰਿਸ਼ਤੇ ਦੀ ਤਲਾਸ਼ ਲਈ ਅਕਸਰ ਕਿਸੀ ਵਿਚੋਲੇ ਦੀ ਮੱਦਦ ਲੈਂਦੇ ਹਾਂ। ਵਿਚੋਲਾ ਲੜਕੇ ਤੇ ਲੜਕੀ ਦੇ ਵਾਰਸਾਂ ਨਾਲ ਗੱਲਬਾਤ ਕਰਕੇ ਦੋਨਾਂ ਧਿਰਾਂ ਨੂੰ ਇੱਕ ਦੂਸਰੇ ਦੇ ਨੇੜੇ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਵਿਚੋਲਾ ਦੋਨਾਂ ਧਿਰਾਂ ਦੀ ਏਕਤਾ ਕਰਾਉਂਦਾ ਕਰਾਉਂਦਾ ਸ਼ਾਦੀ ਕਰਾਉਣ ਵਿੱਚ ਸਫ਼ਲ ਹੋ ਜਾਂਦਾ ਹੈ ਤਾਂ ਉਹ ਆਪਣਾ ਕਾਰਜ ਪੂਰਾ ਹੋਇਆ ਸਮਝ ਵਿਚੋਂ ਆਪ ਨਿਕਲ ਜਾਂਦਾ ਹੈ, ਧਨ ਅਤੇ ਪਿਰ ਨੂੰ ਅਨੰਦ ਮਾਨਣ ਲਈ ਇਕੱਲਿਆਂ ਛੱਡ ਦਿੰਦਾ ਹੈ। ਅਨੰਦ ਮਾਣਦੇ ਮਾਣਦੇ ਕਿਤੇ ਕਿਸੀ ਵੇਲੇ, ਜੇ ਉਨ੍ਹਾਂ (ਧਨ ਅਤੇ ਪਿਰ) ਵਿੱਚ ਕੋਈ ਤਰੇੜ ਪੈ, ਇੱਕ ਦੂਸਰੇ ਤੋਂ ਪਰੇ ਪਰੇ ਹੋਣ ਲੱਗ ਜਾਣ ਤਾਂ ਵਿਚੋਲਾ ਫਿਰ ਦੌੜਿਆ ਦੌੜਿਆ ਆਉਂਦਾ ਹੈ, ਧਨ ਅਤੇ ਪਿਰ ਦੋਨਾਂ ਨੂੰ ਸਮਝਾਉਂਦਾ ਹੈ। ਆਮ ਤੌਰ ਤੇ ਤਰੇੜ ਪੈਣ ਦਾ ਕਾਰਨ ਧਨ (ਪਤਨੀ) ਦੀ ਇਹ ਰੁਚੀ ਹੁੰਦੀ ਹੈ ਕਿ ਮੈਂ ਭੀ ਤਾਂ ਪਿਰ (ਪਤੀ) ਦੇ ਬਰਾਬਰ ਦੀ ਹੀ ਇੱਕ ਇਨਸਾਨ ਹਾਂ, ਮੈਂ (ਹਉਮੈ = ਮੈਂ ਹਾਂ) ਪਿਰ (ਪਤੀ) ਦੀ ਤਾਬੇਦਾਰੀ ਵਿੱਚ ਕਿਉਂ ਰਹਾਂ ? ਵਿਚੋਲਾ ਧਨ ਨੂੰ ਸਮਝਾਉਂਦਾ ਹੈ ਕਿ ਐ ਪੁੱਤਰੀ ! ਪਤੀ ਪਰਮੇਸ਼ਵਰ ਹੁੰਦਾ ਹੈ, ਪਤੀ ਦਾ ਪਿਆਰ ਜਾਂ ਖੁਸ਼ਨੂਦੀ ਹਾਸਲ ਕਰਨ ਲਈ ਆਪਣੀ ਹਉਮੈ ਨੂੰ ਤਿਆਗ ਆਪਣੇ ਆਪ ਨੂੰ ਪੂਰਨ ਤੌਰ ਤੇ ਪਤੀ ਦੇ ਹਵਾਲੇ (Total self surrender) ਕਰ ਦੇਣਾ ਚਾਹੀਦਾ ਹੈ।

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।।
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।।

(ਪੰਨਾ ੭੮੮)

ਵਿਚੋਲੇ ਦੇ ਸਮਝਾਉਣ ਤੇ ਧਨ, ਹਉਮੈਂ ਨੂੰ ਤਿਆਗ ਆਪਣੇ ਆਪ ਨੂੰ ਮੁਕੰਮਲ ਤੌਰ ਤੇ ਪਤੀ (ਪਿਰ) ਦੇ ਹਵਾਲੇ ਕਰਕੇ 'ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ' (ਪੰਨਾ ੬੨੪) ਭੰਬੀਰੀ ਦੇ ਪੰਖ ਜਿਤਨੀ ਦੂਰੀ ਭੀ ਦੂਰ ਕਰ "ਏਕਿ ਜੋਤਿ ਦੋਇ ਮੂਰਤੀ" ਹੋ ਆਪੋ ਵਿੱਚ ਘੁਲ ਮਿਲ ਜਾਂਦੇ ਹਨ। ਵਿਚੋਲਾ ਆਪਣਾ ਕਾਰਜ ਸਫਲਾ ਹੋਇਆ ਦੇਖ, ਖੁਸ਼ੀ ਨਾਲ ਬਗਲਾਂ ਬਜਾਉਂਦਾ ਹੋਇਆ ਫੇਰ ਵਿਚੋਂ ਨਿਕਲ ਜਾਂਦਾ ਹੈ।

ਉੱਪਰ ਦਰਜ ਹੋਏ ਛੋਟੇ ਜਿਹੇ ਨਾਟਕ ਵਿੱਚ ਵਿਚੋਲਾ, ਧਨ ਤੇ ਪਿਰ ਕੌਣ ਹਨ ? ਨਾਮ ਦਾ ਜਾਪ ਜਾਂ ਸਿਮਰਨ ਕਰਨੇ ਵਾਲਾ ਵਿਅਕਤੀ ਵਿਚੋਲਾ, ਉਸਦੀ ਸੁਰਤੀ ਬਿਰਤੀ ਧਨ, ਤੇ ਗੁਰ-ਸ਼ਬਦ ਜਿਸ ਦਾ ਉਹ ਜਾਪ ਕਰਦਾ ਹੈ, ਪਿਰ ਹੈ। ਇਸ ਹਕੀਕਤ ਨੂੰ ਜਿੱਥੇ ਧਨ ਤੇ ਪਿਰ ਦੀ ਸੰਗਿਆ ਦਿੱਤੀ ਗਈ ਹੈ, ਉੱਥੇ ਹੀ ਉਨ੍ਹਾਂ ਨੂੰ ਗੁਰੂ ਤੇ ਚੇਲਾ ਭੀ ਆਖਿਆ ਗਿਆ ਹੈ - "ਸਬਦੁ ਗੁਰੂ ਸੁਰਤਿ ਧੁਨਿ ਚੇਲਾ" (ਪੰਨਾ ੯੪੩) ਗੁਰੂ ਤੇ ਚੇਲੇ ਨੂੰ ਇਕੱਠੇ ਕਰਨ ਦੀ ਭੀ ਹਦਾਇਤ ਕੀਤੀ ਗਈ ਹੈ- "ਗੁਰ ਚੇਲੇ ਕੀ ਸੰਧਿ ਮਿਲਾਇ" (ਪੰਨਾ ੮੭੭)।

ਨਾਮ ਸਿਮਰਨਹਾਰਾ ਵਿਅਕਤੀ (ਵਿਚੋਲਾ) ਨਾਮ ਸਿਮਰਨ ਵੇਲੇ, ਗੁਰ-ਸ਼ਬਦ ਦੇ ਉਚਾਰਨ ਤੋਂ ਪੈਦਾ ਹੋਈ ਧੁਨੀ (ਪਿਰ) ਦੇ ਨਾਲ ਆਪਣੀ ਸੁਰਤੀ ਬਿਰਤੀ (ਧਨ) ਦੀ ਨੇੜਤਾ ਕਰਾਉਣ ਦਾ ਯਤਨ ਕਰਦਾ ਹੈ। ਸ਼ੁਰੂ ਸ਼ੁਰੂ ਵਿੱਚ ਬਿਰਤੀ (ਧਨ) ਆਪਣੀ ਵੱਖਰੀ ਹਸਤੀ ਜਾਂ ਹਉਮੈ ਨੂੰ ਤਿਆਗਣਾ ਨਹੀਂ ਚਾਹੁੰਦੀ ਪਰ ਵਿਚੋਲੇ ਦੇ ਕੋਸ਼ਿਸ਼ ਕੀਤਿਆਂ ਧਨ ਪਿਰ (ਸੁਰਤੀ ਤੇ ਸ਼ਬਦ ਧੁਨਿ) ਇੱਕ ਦੂਸਰੇ ਦਾ ਵਸਲ (ਮਿਲਾਪ) ਪਰਾਪਤ ਕਰਨ ਵੱਲ ਵੱਧਣ ਲੱਗ ਪੈਂਦੇ ਹਨ। ਜਿਉਂ ਜਿਉਂ ਧੁਨਿ ਤੇ ਪਿਰ ਦੀ ਨੇੜਤਾ ਹੁੰਦੀ ਜਾਂਦੀ ਹੈ, ਵਿਚੋਲਾ ਵਿਚੋਂ ਖਿਸਕਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਭਾਂਭੀਰੀ ਕੇ ਪਾਤ ਪਰਦੋ ਬਿਨੁ ਵਾਲਾ ਮਾਮੂਲੀ ਜਿਹਾ ਪਰਦਾ ਭੀ ਨਾ ਰਹਿ ਜਾਵੇ ਤਾਂ ਦੋਨੋਂ "ਏਕਿ ਜੋਤਿ ਦੋਇ ਮੂਰਤੀ" ਹੋ ਜਾਂਦੇ ਹਨ ਭਾਵ ਇਹ ਕਿ, ਜਿਉਂ ਜਿਉਂ ਸ਼ਬਦ-ਧੁਨਿ ਵਿੱਚ ਸਮਾਈ ਪਰਾਪਤ ਹੁੰਦੀ ਜਾਂਦੀ ਹੈ, ਸਿਮਰਨਹਾਰਾ ਵਿਅਕਤੀ ਬੇ-ਸੁੱਧ ਹੋ, ਇਸ ਨਾਟਕ ਵਿਚੋਂ ਬਾਹਰ ਹੋਇਆ ਸਮਝਿਆ ਜਾਂਦਾ ਹੈ।

ਸਿਮਰਨ ਕਰਦਿਆਂ ਕਰਦਿਆਂ ਕਈ ਵਾਰ ਬਿਰਤੀ ਉਚਾਟ ਹੋ ਉਖੜ ਜਾਂਦੀ ਹੈ। ਬਿਰਤੀ, ਸ਼ਬਦਿ-ਧੁਨ ਤੋਂ ਪਰੇ ਹਟਣਾ ਸ਼ੁਰੂ ਹੋ ਜਾਂਦੀ ਹੈ। ਜਿਉਂ ਹੀ ਧਨ, ਪਿਰ ਤੋਂ ਪਰੇ ਹਟਦੀ ਹੈ, ਵਿਚੋਲਾ ਫਿਰ ਮੁੜ ਆ ਹਾਜ਼ਰ ਹੁੰਦਾ ਹੈ,



www.AKJ.Org

ਜਦੋਂ ਬਿਰਤੀ ਦੇ ਪਿੱਛੇ ਹਟਣ ਤੇ ਸਿਮਰਨਹਾਰੇ (ਵਿਚੋਲੇ) ਦੀ ਹੋਸ਼ ਪਰਤਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਵਿਚੋਲਾ ਧਨ ਅਤੇ ਪਿਰ ਨੂੰ ਵੱਖੋ ਵੱਖਰੇ ਹੋਏ ਦੇਖਦਾ ਹੈ ਉਹ ਫਿਰ ਇਨ੍ਹਾਂ ਦੀ ਸੁਲਾਹ ਕਰਾ ਦਿੰਦਾ ਹੈ। ਇਨ੍ਹਾਂ ਨੂੰ ਇਕੱਠੇ ਕਰਦਾ ਹੈ ਇਕੱਠੇ ਹੋਣ ਤੇ ਫੇਰ ਆਪ ਵਿਚੋਂ ਨਿਕਲ, ਗੁੰਮ ਹੋ ਜਾਂਦਾ ਹੈ।

ਇਸ ਨਾਟਕ ਦੇ ਤਿੰਨ ਪਾਤਰਾਂ ਵਿੱਚੋਂ ਇੱਕ ਪਾਤਰ, ਵਿਚੋਲਾ ਤਾਂ ਗੁੰਮ ਹੋ ਗਿਆ ਹੈ, ਪਿਛੇ ਰੈਹ ਗਏ ਦੋ ਪਾਤਰ, ਧਨ ਤੇ ਪਿਰ (ਸੁਰਤ ਤੇ ਸ਼ਬਦਿ-ਧੁਨਿ)। ਧਨ ਆਪਣੇ ਆਪ ਨੂੰ ਸਮਰਪਣ ਕਰਦੀ ਕਰਦੀ ਪਤੀ ਦੇ ਚਰਨਾਂ ਵਿੱਚ ਪੂਰਨ ਤੌਰ ਤੇ ਲਿਵ-ਲੀਨ ਹੋ ਆਪਣਾ ਵੱਖਰਾ ਵਜੂਦ ਗੁਆ ਬੈਠਦੀ ਹੈ। ਇਸ ਨਾਟਕ ਦੇ ਦੋ ਪਾਤਰ ਗੁੰਮ ਹੋ ਗਏ। ਪਿੱਛੇ ਰਹਿ ਜਾਂਦਾ ਹੈ ਸਿਰਫ਼ ਇੱਕ ਪਾਤਰ, ਪਿਰ (ਸ਼ਬਦ-ਧੁਨਿ) ਭਾਵ ਸਿਮਰਨ ਦੇ ਦੌਰਾਨ ਜਦੋਂ ਸਿਮਰਨਹਾਰਾ ਵਿਅਕਤੀ (ਵਿਚੋਲਾ) ਤੇ ਉਸਦੀ ਸੁਰਤੀ ਬਿਰਤੀ (ਧਨ) ਦੋਨੋਂ ਬੇ-ਸੁੱਧ ਹੋ ਜਾਂਦੇ ਹਨ ਤਾਂ ਬਾਕੀ ਸਿਰਫ਼ 'ਸਬਦਿ ਧੁਨਿ' ਹੀ ਰਹਿ ਜਾਂਦੀ ਹੈ। ਇਸ ਅਵਸਥਾ ਨੂੰ ਸਹਿਜ, ਤੁਰੀਆ, ਲਿਵ ਜਾਂ ਚੌਥਾ ਪਦ ਆਖਿਆ ਜਾਂਦਾ ਹੈ। ਚੌਥਾ ਪਦ ਇਸ ਲਈ ਆਖਦੇ ਹਨ ਕਿ ਰਸਨਾ ਦੁਆਰਾ ਜਾਪ ਨੂੰ ਬੈਖਰੀ, ਬੁੱਲਾਂ ਤੇ ਹਲਕ ਤਾਲੂ ਦੇ ਜਾਪ ਨੂੰ ਮਧਿਅਮਾ, ਹਿਰਦੇ (ਸੁਆਸਾਂ) ਦੇ ਸਿਮਰਨ ਨੂੰ ਪਸੰਤੀ ਅਤੇ ਲਿਵ-ਲੀਨਤਾ ਦੀ ਹਾਲਤ ਨੂੰ ਪਰਾ ਜਾਂ ਚੌਥਾ ਪਦ ਆਖਿਆ ਜਾਂਦਾ ਹੈ। ਧਿਆਤਾ (ਸਿਮਰਨ-ਹਾਰਾ) ਧਿਆਨ (ਸੁਰਤੀ ਬਿਰਤੀ) ਦੋਨੋਂ ਹੀ ਗੁੰਮ ਹੋ ਬਾਕੀ ਰਹਿ ਜਾਂਦਾ ਹੈ ਧਿਏਜ (ਸ਼ਬਦ ਧੁਨਿ) ਜਾਂ "ਸਹਿਜ ਪਦ"।

ਭਗਤ ਤ੍ਰਿਲੋਚਨ ਜੀ ਦਾ ਸ਼ਬਦ "ਅੰਤਿ ਕਾਲਿ ਜੋ ਲਛਮੀ ਸਿਮਰੈ" (ਪੰਨਾ ੫੨੬) ਵਿੱਚ ਅੰਤਕਾਲ ਭਾਵ ਸਰੀਰ ਤਿਆਗਣ ਸਮੇਂ, ਜੇ ਸਾਡੀ ਸੁਰਤੀ ਮਾਇਆ ਦੀ ਯਾਦ ਵਿੱਚ ਗ੍ਰਸੀ ਰਹਿ ਗਈ ਤਾਂ ਸਰਪ, ਮੰਦਰ ਜਾਂ ਮਕਾਨਾਂ ਵਿੱਚ ਹੋਣ ਕਰਕੇ ਪ੍ਰੇਤ, ਔਲਾਦ ਦੀ ਯਾਦ ਵਿੱਚ ਸਰੀਰ ਤਿਆਗਣ ਤੇ ਸੂਰ ਆਦਿ ਦੇ ਪਰਮਾਣ ਦੇ, ਆਖਰੀ ਫੈਸਲਾ ਇਹ ਦਿੱਤਾ ਹੈ ਕਿ "ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਹਿ ਜੋ ਮਰੈ।। ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ।।" ਉਪਰ ਬਿਆਨ ਹੋਈ ਸਹਿਜ ਅਵੱਸਥਾ ਵਿੱਚ, ਸੁਰਤੀ "ਨਾਰਾਇਣੁ ਵਿੱਚ ਲਿਵ ਲੀਨ ਹੁੰਦਿਆ ਪਰਾਣ ਤਿਆਗਨ ਤੇ, ਪਰਾਣੀ ਹਮੇਸ਼ਾ ਲਈ ਅਮਰ ਹੋ ਜਾਂਦਾ ਹੈ।

ਅਖੀਰ ਤੇ ਇੱਕ ਭੁਲ ਤੋਂ ਸੁਚੇਤ ਕਰਾ ਦੇਣਾ ਜ਼ਰੂਰੀ ਮਾਲੂਮ ਹੁੰਦਾ ਹੈ ਕਿ ਉਪਰ ਸਹਿਜ ਅਵੱਸਥਾ ਵਿੱਚ ਸੁਰਤੀ ਦੇ ਬੇ-ਸੁਧ, ਨਿਰ ਖਿਆਲ ਜਾਂ ਨਿਰ-ਵਿਕਲਪ ਹੋਣ ਦਾ ਜ਼ਿਕਰ ਆਇਆ ਹੈ। ਸੰਸਾਰ ਵਿੱਚ ਰਹਿੰਦੇ ਹੋਏ, ਸਰੀਰ ਤਿਆਗ ਅਤੇ ਸੁਰਤੀ ਕਰਕੇ, ਬੇਸੁਧੀ ਦੇ ਹੋਰ ਭੀ ਕਈ ਕਾਰਨ ਹੋ ਸਕਦੇ ਹਨ। ਜਿਸ ਕਰਕੇ ਅਸੀਂ ਨਿਰ-ਖਿਆਲ ਜਾਂ ਨਿਰ-ਵਿਕਲਪ ਹੋ ਜਾਂਦੇ ਹਾਂ ਜਿਵੇਂ ਕਿ ਅਤਿ ਦੀ ਖੁਸ਼ੀ ਜਾਂ ਗਮੀ ਦੀ ਅਚਾਨਕ ਖਬਰ ਸੁਣ ਕੇ ਬੇ-ਹੋਸ਼ ਹੋ ਜਾਣਾ। ਕਿਸੀ ਸੱਟ ਚੋਟ ਕਾਰਨ ਭੀ ਐਸੀ ਬੇ-ਸੁੱਧੀ ਹੋ ਸਕਦੀ ਹੈ। ਗੂੜ੍ਹੀ ਨੀਂਦ ਵਿੱਚ ਤਾਂ ਅਸੀਂ ਹਰ ਰੋਜ਼ ਹੀ ਬੇ-ਖਬਰੀ ਜਾਂ ਨਿਰ-ਵਿਕਲਪ ਹਾਲਤ ਵਿੱਚ ਹੁੰਦੇ ਹਾਂ। ਉਪਰ ਲਿਖੀਆਂ ਹਾਲਤਾਂ ਵਿੱਚ ਬੇ-ਸੁੱਧੀ ਅਤੇ ਸਹਿਜ-ਅਵੱਸਥਾ ਵਿੱਚ ਬੇਸੁੱਧੀ ਵਿੱਚ ਅੰਤਰ ਇਹ ਹੈ ਕਿ ਆਮ ਬੇ-ਸੁੱਧੀ ਦੀ ਹਾਲਤ ਵਿੱਚ ਅਸੀਂ Thought-less unconscious ਹੁੰਦੇ ਹਾਂ ਪਰ ਸਹਿਜ ਅਵੱਸਥਾ ਵਿੱਚ Thought-less state ਵਿੱਚ ਹੁੰਦੇ ਹਾਂ। ਇਸ ਅੰਤਰ ਨੂੰ ਸਮਝਣਾ ਅਤੀ ਜ਼ਰੂਰੀ ਹੈ, ਨਹੀਂ ਤਾਂ ਅਸੀਂ ਕਿਤੇ ਗਹਿਰੀ ਨੀਂਦ ਨੂੰ ਜਾਂ ਸਿਮਰਨ ਵੇਲ ਆਈ 'ਤੰਦਰਾ' ਦੀ ਹਾਲਤ ਨੂੰ 'ਸਹਿਜ-ਅਵਸਥਾ' ਨਾ ਸਮਝ ਬੈਠੀਏ।

"ਸਹਜੇ ਮਰੈ ਅਮਰੁ ਹੋਇ ਸੋਈ" ਦਾ ਅਰਥ ਹੈ ਕਿ ਸਹਿਜ ਅਵਸਥਾ ਵਿੱਚ ਸਰੀਰ ਤਿਆਗਣ ਤੇ ਅਮਰ ਹੋ ਜਾਈਦਾ ਹੈ। ਕਿਆ ਇਤਨਾ ਜਾਣ ਲੈਣ ਨਾਲ ਹੀ ਅਸੀਂ ਅਮਰ ਹੋ ਜਾਵਾਂਗੇ ਜਾਂ ਸਾਨੂੰ ਕੁੱਝ ਉਦਮ ਭੀ ਕਰਨਾ ਬਣਦਾ ਹੈ ? ਕਿਆ ਜਦੋਂ *"ਜਮ ਰਾਜੇ ਕੇ ਹੇਰੂ"* ਸਾਨੂੰ ਲੈਣ ਆਉਣਗੇ ਤਾਂ ਅਸਾਂ ਉਨ੍ਹਾਂ ਨੂੰ ਆਖਾਂਗੇ, ਭਈ ਅੱਧਾ ਘੰਟਾ ਠਹਿਰ ਜਾਓ, ਸਾਨੂੰ ਸਹਿਜ ਅਵਸਥਾ ਵਿੱਚ ਪ੍ਰਵੇਸ਼ ਕਰ ਲੈਣ ਦਿਓ ? ਕਿਆ ਉਹ ਸਾਨੂੰ ਅੱਧਾ ਜਾਂ ਪੌਣਾ ਘੰਟਾ ਸਹਿਜ ਅਵਸਥਾ ਵਿੱਚ ਪ੍ਰਵੇਸ਼ ਕਰਨ ਲਈ ਦੇਣਗੇ ? ਨਹੀਂ, ਉਹ ਤਾਂ ਜਮਰਾਜੇ ਦਾ ਫੁਰਮਾਨ ਸੁਣਾ ਕੇ ਸਾਨੂੰ ਆਖਣਗੇ "ਹਰਿ ਫੁਰਮਾਨੁ ਦਰਗਹ ਕਾ ਆਇਆ" ਤੇ ਹੁਣੇ ਚਲੋ "ਚਲੋ ਸਿਤਾਬੁ ਦੀਬਾਨਿ ਬੁਲਾਇਆ" (ਪੰਨਾ ੭੯੨) (ਦਰ ਹਾਲ = ਹੁਣੇ ਹੀ)। ਤਾਂ ਭਾਈ ਸਾਨੂੰ ਫੇਰੁ ਕੀ ਕਰਨਾ ਚਾਹੀਦਾ ਹੈ ? ਮੌਤ ਦਾ ਤਾਂ ਕੋਈ ਪਤਾ ਨਹੀਂ ਕੇਹੜੇ ਵੇਲੇ ਆ ਜਾਵੇ। ਤੁਸੀਂ ਹਰਟ ਫੇਲ੍ਹ ਹੋਣ ਦੇ ਅਨੇਕਾਂ ਕੇਸ ਦੇਖੇ ਸੁਣੇ ਹੋਣਗੇ। ਪ੍ਰਾਣੀ ਇੱਕ ਮਿੰਟ ਪਹਿਲਾਂ ਗੱਲਾਂ ਬਾਤਾਂ ਕਰਦਾ ਹੈ ਤੇ ਅਗਲੇ ਮਿੰਟ ਵਿੱਚ ਤੁਰ ਜਾਂਦਾ ਹੈ। ਅਨੰਦ ਸਾਹਿਬ ਵਿੱਚ ਫੁਰਮਾਨ ਆਇਆ ਹੈ ਕਿ-

"ਕਹੈ ਨਾਨਕ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ

(ਬਾਕੀ ਪੰਨਾ ੧੩ ਤੇ......)



www.AKJ.Org

# ਸਤਿਗੁਰੂ ਅਮਰ ਦਾਸ ਜੀ

(ਸੂ: ਨਰੈਣ ਸਿੰਘ, ਐਮ ਏ.)

ਸ੍ਰੀ ਗੁਰੂ ਅਮਰ ਦਾਸ ਜੀ ਦਾ ਜਨਮ, ਪਿੰਡ ਬਾਸਰਕੇ ਵਿਚ ਬਾਬਾ ਤੇਜ ਭਾਨ ਦੇ ਘਰ 1479 ਵਿਚ ਜੇਠ ਮਹੀਨੇ ਹੋਇਆ ਸੀ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰੋਂ ਕੇਵਲ ਦਸ ਸਾਲ ਛੋਟੇ ਸਨ। ਪਿੰਡ ਬਾਸਰਕੇ ਹਾਲ ਸ਼ਹਿਰ ਅੰਮ੍ਰਿਤਸਰ ਤੋਂ ਕੇਵਲ ਪੰਜ ਕੁ ਮੀਲ ਪਛੋਂ ਰੁਖ ਨੂੰ ਹੈ।

ਇਕ ਹਿੰਦੂ ਘਰ ਵਿਚ ਜਨਮ ਲੈ ਹੋਣ ਕਾਰਨ ਆਪ ਦੇ ਮਨ ਦਾ ਝੁਕਾਉ ਹਿੰਦੂ ਧਰਮ ਗ੍ਰੰਥਾਂ ਤੇ ਸ਼ਾਸਤਰਾਂ ਵੱਲ ਹੋਣਾ ਸਹਿਵਾਨ ਸੀ ਅਤੇ ਸ਼ਾਸਤਰ ਮਰਯਾਦਾ ਅਨੁਸਾਰ ਆਪ ਦਾ ਇੱਕੀ ਵਾਰ ਦੋ ਸੌ ਕੋਹ ਦਾ ਲੰਮਾ ਪੈਂਡਾ ਪੈਦਲ ਕੱਟ ਕੇ ਬਾਸਰਕੇ ਤੋਂ ਹਰਦੁਆਰ ਹਰ ਸਾਲ ਗੰਗਾ ਦੇ ਇਸ਼ਨਾਨ ਨੂੰ ਜਾਣਾ ਆਪ ਦਾ ਧਰਮ ਰੁਚੀ ਰੱਖਣਾ ਜ਼ਾਹਿਰ ਕਰਦਾ ਹੈ। ਉਨ੍ਹਾਂ ਸਮਿਆਂ ਵਿਚ ਆਵਾਜਾਈ ਦੇ ਵਿਸ਼ੇਸ਼ ਸਾਧਨ ਨਾ ਹੋਣ ਕਰਕੇ ਤੀਰਥ ਯਾਤਰੀ ਲੋਕ ਸੰਗ ਬਣਾ ਕੇ ਤੀਰਥਾਂ ਨੂੰ ਪੈਰੀਂ ਹੀ ਜਾਂਦੇ ਆਉਂਦੇ ਸਨ। ਰਾਹ ਖਾਹੜੇ ਤੇ ਰਾਤ ਬਰਾਤੇ ਠਹਿਰਨ ਵਾਲੇ ਥਾਵਾਂ ਤੇ ਸਤਸੰਗ ਅਤੇ ਧਰਮ ਵਿਚਾਰਾਂ ਦਾ ਅਵਸਰ ਪ੍ਰਾਪਤ ਹੋਣਾ ਕੁਦਰਤੀ ਸੀ। ਸੋ ਅਮਰ ਦਾਸ ਜੀ ਇੱਕੀ ਸਾਲ ਅਜੇਹੇ ਸਤਸੰਗ ਦਾ ਲਾਭ ਲੈਂਦੇ ਰਹੇ ਜਿਸ ਨੇ ਆਪ ਦੀ ਸੂਝ ਅੰਦਰ ਵਿਸ਼ਾਲਤਾ ਲਿਆਉਣ ਤੋਂ ਇਲਾਵਾ ਆਪ ਦੀ ਧਰਮ ਭਾਵਨਾ ਅੰਦਰ ਬਹੁਤ ਵਾਧਾ ਕੀਤਾ ਹੋਵੇਗਾ।

ਅਜਿਹੀ ਬਣ ਚੁਕੀ ਧਰਮ ਰੁਚੀ ਉਤੇ ਕਿਸੇ ਮਹਾਂ ਪੁਰਖ ਦੇ ਭਗਤੀ ਭਾਵਨਾ ਵਾਲੇ ਬਚਨਾ ਦਾ ਹਿਰਦੇ ਵੇਧਕ ਅਸਰ ਹੋਣਾ ਸੁਭਾਵਕ ਗੱਲ ਸੀ। ਇਕ ਪਰਭਾਤੇ ਅਪਨੇ ਗਵਾਂਢੋ ਹੀ ਰੱਬੀ ਸਿਫਤ ਸਾਲਾਹ ਵਾਲੇ ਕੁਝ ਸ਼ਬਦਾਂ ਦੀ ਸਰੋਦ ਇਨ੍ਹਾਂ ਦੀ ਕੰਨੀ ਪਈ, ਜਿਸ ਤੋਂ ਆਪ ਬਹੁਤ ਪ੍ਰਭਾਵਿਤ ਹੋਏ। ਦਿਨ ਚੜ੍ਹੇ ਪੁੱਛ ਕਰਨ ਤੋਂ ਪਤਾ ਲੱਗਾ ਕਿ ਇਹ ਸ਼ਬਦ ਪੜ੍ਹਣ ਵਾਲੀ ਬੀਬੀ ਅਮਰੋ ਸਪੁੱਤਰੀ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਉਨ੍ਹਾਂ ਦੀ ਆਪਣੀ ਭਤਰੀਓਂ ਨੂੰਹ ਸੀ ਅਤੇ ਓਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹ ਰਹੀ ਸੀ। ਆਪ ਉਸੇ ਘੜੀ ਗੁਰੂ ਜੀ ਦੇ ਦਰਸ਼ਨ ਕਰਨ ਜਾਣ ਲਈ ਤਿਆਰ ਹੋ ਗਏ ਅਤੇ ਅਗਲੇ ਭਲਕ ਖਡੂਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ ਜਾ ਹਾਜ਼ਰ ਹੋਏ। ਇਹ ਸੰਨ 1541 ਦੀ ਗੱਲ ਹੈ ਜਦੋਂ ਆਪ ਦੀ ਉਮਰ 62 ਸਾਲ ਦੀ ਸੀ।

ਗੁਰੂ ਕੇ ਦਰਸ਼ਨ ਅਤੇ ਉਨ੍ਹਾਂ ਪਾਸੋਂ ਸੁਣੇ ਪ੍ਰਭੂ ਪ੍ਰੀਤਮ ਦੀ ਸਿਫਤ ਸਾਲਾਹ ਵਾਲੇ ਬਚਨਾਂ ਤੋਂ ਬਹੁਤ ਪ੍ਰਭਾਵਤ ਹੋਏ। ਗੁਰੂ ਜੀ ਨਾਲ ਕੁੜਮਾ ਚਾਰੀ ਹੋਣ ਕਰਕੇ ਭਾਵੇਂ ਲੋਕ ਲਾਜ ਦਾ ਸਵਾਲ ਵੀ ਸੀ, ਫਿਰ ਉਮਰੋਂ ਵੀ ਗੁਰੂ ਜੀ ਨਾਲੋਂ ਪੰਝੀ ਸਾਲ ਵੱਡੇ ਸਨ ਅਤੇ ਅਵਸਥਾ ਭੀ ਕਾਫੀ ਢਲੀ ਹੋਈ ਸੀ, ਜਿਸ ਵਿਚ ਕਿਸੇ ਕਰੜੀ ਘਾਲਣਾ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ, ਪਰ ਇਸ ਦੇ ਬਾਵਜੂਦ ਆਪ ਨੇ ਗੁਰੂ ਅੰਗਦ ਦੇਵ ਜੀ ਅਤੇ ਉਨ੍ਹਾਂ ਪਾਸ ਆਉਂਦੀਆਂ ਸੰਗਤਾਂ ਦੀ ਹੱਥੀਂ ਸੇਵਾ ਕਰਨ ਦਾ ਮਨ ਬਣਾ ਲਿਆ ਅਤੇ ਗੁਰੂ ਦੀ ਹਜ਼ੂਰੀ ਵਿਚ ਟਿਕ ਗਏ। ਸਾਰਾ ਦਿਨ ਗੁਰੂ ਕੇ ਲੰਗਰ ਲਈ ਲੱਕੜ ਬਾਲਣ ਲਿਆਉਣਾ, ਪਾਣੀ ਢੋਣਾ ਅਤੇ ਜੂਠੇ ਬਰਤਨ ਮਾਂਜਨੇ, ਅਤੇ ਪਿਛਲੀ ਰਾਤ ਬਿਆਸ ਦੇ ਵਗਦੇ ਪਾਣੀ ਦੀ ਗਾਗਰ ਆਪਣੇ ਮੋਢਿਆਂ ਪਰ ਉਠਾ ਕੇ ਲਿਆਉਣੀ ਅਤੇ ਗੁਰੂ ਜੀ ਨੂੰ ਅੰਮ੍ਰਿਤ ਵੇਲੇ ਦਾ ਇਸ਼ਨਾਨ ਕਰਾਉਣਾ। ਕਹਿਣ ਸੁਣਨ ਨੂੰ ਇਹ ਗੱਲ ਸ਼ਾਇਦ ਸਹਿਜ ਹੀ ਜਾਪਦੀ ਹੋਵੇਗੀ ਪਰ ਇਸ ਘਾਲਣਾ ਦੀ ਮਹੱਤਤਾ ਜਾਣਨ ਲਈ ਅੱਖਾਂ ਅੱਗੇ ਲਿਆਓ ਖਡੂਰ ਤੋਂ ਬਿਆਸ ਨਦੀ ਦਾ ਚਾਰ ਕੋਹਾਂ ਦਾ ਬਿਖੜਾ ਪੈਂਡਾ, ਜੋ ਖੇਤਾਂ ਦੇ ਵੱਟਾਂ ਬੰਨਿਆਂ ਅਤੇ ਡੰਡੀਆਂ ਰਾਹੀਂ ਕੱਟਣਾ ਪੈਂਦਾ ਹੋਵੇਗਾ, ਅੱਧੀ ਰਾਤ ਤੋਂ ਢਲਦੀ ਰਾਤ ਦਾ ਵਿਚਲਾ ਸਮਾਂ, ਜਿਸ ਵਿਚ ਹਨ੍ਹੇਰੀ ਜਾਇ, ਮੀਂਹ ਆਵੇ, ਕੱਕਰ ਪੈਂਦਾ ਜਾਂ ਸੀਤ ਦਾ ਠੱਕਾ ਵਗਦਾ ਹੋਵੇ, ਮੋਢਿਆਂ ਉਪਰ ਵੀਹ ਸੇਰ ਪੱਕੇ ਦੀ ਭਰੀ ਪਾਣੀ ਦੀ ਗਾਗਰ, ਬਿਰਧ ਅਵਸਥਾ, ਜਦੋਂ ਇਕ ਗ੍ਰਹਿਸਥੀ ਬਾਗ ਪ੍ਰਵਾਰ ਵਾਲਾ ਮਨੁੱਖ ਆਪਣੇ ਪੁੱਤਰਾਂ ਪੋਤਰਿਆਂ ਪਾਸੋਂ ਸੇਵਾ ਕਰਵਾਉਣ ਦੀ ਆਸ ਰੱਖਦਾ ਹੁੰਦਾ ਹੈ। ਫਿਰ ਦੋ ਚਾਰ ਦਿਨਾਂ ਜਾਂ ਮਹੀਨਾ ਦੋ ਮਹੀਨੇ ਦਾ ਸਵਾਲ ਨਹੀਂ, ਬਲਕਿ ਲਗਾਤਾਰ ਗਿਆਰਾਂ ਸਾਲ (1541ਤੋਂ1552 ਤੱਕ) ਦੇ 365 ਦਿਨ ਅਤੇ ਉਮਰ ਦੇ 62ਵੇਂ ਤੋਂ 73 ਸਾਲਾਂ ਵਿਚ। ਕਿਹੜਾ ਮਨੁੱਖ ਹੈ ਜਿਸ ਨੇ ਆਪਾ ਮਾਰ ਕੇ ਏਨੇ ਲੰਮੇ ਸਮੇਂ ਲਈ ਏਨੀ ਕਰੜੀ ਘਾਲ ਲਗਾਤਾਰ ਕਦੀ ਨਿਬਾਹੀ ਹੋਵੇ ਜਾਂ ਨਿਬਾਹੁਣ ਦੀ ਸੋਚ ਵੀ ਸਕਦਾ ਹੋਵੇ, ਪਰ ਧਨ ਬਾਬਾ ਅਮਰ ਦਾਸ ਜੀ ਜਿਨ੍ਹਾਂ ਨੇ ਨਿਰਾ ਕਿਹਾ ਹੀ ਨਹੀਂ ਗੁਰ ਸੇਵਾ 'ਤਪਾ ਸਿਰਿ ਤਪੁ ਸਾਰ' (ਆਸਾ ਮ: ੩) ਸਗੋਂ ਗਿਆਰਾਂ ਵਰ੍ਹੇ ਐਸਾ ਤਪ ਸਾਧਿਆ ਜਿਸ ਦੀ ਮਿਸਾਲ ਮਿਲਣੀ ਔਖੀ ਹੈ। ਪਹਿਲਿਆਂ ਸਮਿਆਂ ਵਿਚ ਧਰਮ ਭਾਵਨਾ ਰੱਖਣ ਵਾਲੇ ਲੋਕ ਘਰ ਬਾਰ ਛੱਡ ਕੇ ਸਾਂਲਾ ਬਧੀ ਸੰਨਿਆਸ ਤਥਾ ਬਾਨ-ਪ੍ਰਸਤ ਧਾਰਨ ਕਰਦੇ, ਜੰਗਲਾਂ ਦੇ ਕੰਦ ਮੂਲ ਖਾ ਕੇ ਜਾਂ ਪਹਾੜਾਂ ਦੀਆਂ ਗੁਫਾ ਅੰਦਰ ਤਪ ਸਾਧਦੇ ਅਤੇ ਸਰੀਰ ਪਰ ਕਈ ਪ੍ਰਕਾਰ ਦੇ ਤਸੀਹੇ ਸਹਿੰਦੇ। ਅੱਜ ਕਲ ਵੀ ਕਈ ਲੋਕ ਹਠ ਧਾਰ ਕੇ ਕਈ ਤਰ੍ਹਾਂ ਦੀਆਂ ਸਰੀਰਕ ਸਾਧਨਾਂ ਕਰਦੇ ਹਨ, ਜੋ ਆਮ ਤੌਰ ਤੇ ਲੋਕ ਵਿਖਾਵਾ ਅਤੇ ਨਿਜੀ ਹਉਮੈ (Ego) ਨੂੰ ਮਜਬੂਤ ਕਰਨ ਦਾ ਹੀ ਕਾਰਨ ਬਣਦੇ ਹਨ। ਉਨ੍ਹਾਂ ਦੇ ਸਾਧੇ ਹੁਏ ਅਜਿਹੇ ਤਪ ਕਿਸੇ ਦਾ ਤਾਂ, ਰੱਬ ਜਾਣੇ, ਕੁਝ ਸਵਾਰਦੇ ਹਨ ਜਾਂ ਨਹੀ ਪਰ ਉਹ ਆਪਣਾ ਆਪ ਵੈਰਾਨ ਕਰ ਲੈਣ ਤੋਂ ਇਲਾਵਾ ਸ੍ਵੈ ਅਭਿਮਾਨ ਅਤੇ ਕਰੋਧ ਦਾ ਹੀ ਹਮੇਸ਼ਾਂ ਸ਼ਿਕਾਰ ਹੋਇ ਰਹਿੰਦੇ ਹਨ,



www.AKJ.Org

ਜਿਸ ਕ੍ਰੋਧ ਦਾ ਮੂਲ ਕਾਰਨ ਉਨ੍ਹਾਂ ਦੇ ਅਪਣੇ ਸਹੇੜੇ ਸਰੀਰਕ ਕਸ਼ਟ ਹੀ ਹੁੰਦੇ ਹਨ ਅਤੇ ਜੋ ਹਰ ਮਨੁੱਖ ਪ੍ਰਤੀ ਉਨ੍ਹਾਂ ਦੀਆਂ ਅੱਖਾਂ ਵਿਚੋਂ ਹਰ ਸਮੇਂ ਵਰਸਦਾ ਪ੍ਰਤੀਤ ਹੁੰਦਾ ਬਹਿੰਦਾ ਹੈ।

ਬਾਬਾ ਅਮਰ ਦਾਸ ਜੀ ਨੇ ਗਿਆਰਾਂ ਸਾਲਾ ਦਾ ਮਹਾਨ ਤਪ ਸਾਧਿਆ, ਪਰ ਆਪ ਦਾ ਤਪ ਜਿਹੇ ਆਪਨੇ ਗੁਰੂ ਪ੍ਰੀਤਮ ਦੀ ਅਤੇ ਉਨ੍ਹਾਂ ਦੇ ਮੇਲੀਆਂ ਅਤੇ ਸਤਿ ਸੰਗੀਆਂ ਦੀ ਅਣਥਕ ਸੇਵਾ ਤੇ ਉਨ੍ਹਾਂ ਪ੍ਰਤੀ ਹਰ ਤਰ੍ਹਾਂ ਦੇ ਸੁਖ ਅਤੇ ਆਰਾਮ ਪਹੁੰਚਾਉਣ ਦਾ ਸਾਧਨ ਸੀ, ਉਥੇ ਇਸ ਤਰ੍ਹਾਂ ਦੀ ਕੀਤੀ ਹੋਈ ਸੇਵਾ ਉਨ੍ਹਾਂ ਦੇ ਅਪਨੇ ਹਿਰਦੇ ਨੂੰ ਨਿਰਮਲ ਕਰਕੇ ਹਰ ਤਰ੍ਹਾਂ ਦੀਆਂ ਵਾਸ਼ਨਾਂ ਅਤੇ ਮਾਨਸਕ ਕਮਜੋਰੀਆਂ ਤੋਂ ਮੁਕਤ ਕਰਦੀ ਸੀ। ਇਸੇ ਲਈ ਗੁਰੂ ਦੀ ਸੇਵਾ ਨੂੰ 'ਤਪਾ ਸਿਰਿ ਤਪੁ ਸਾਰ' ਕਿਹਾ ਹੈ।

ਫਿਰ ਬਾਬਾ ਅਮਰ ਦਾਸ ਜੀ ਦਾ ਗੁਰੂ ਪਰ ਸਿਦਕ ਭਰੋਸਾ ਇਸ ਅਉਧੀ ਦਾ ਸੀ ਕਿ ਜਦੋਂ ਆਪ ਇੱਕ ਵਾਰ ਗੁਰੂ ਅੰਗਦ ਦੇਵ ਜੀ ਦੀ ਚਰਣ ਸ਼ਰਣ ਵਿੱਚ ਆ ਗਏ ਤਾਂ ਦੁਨੀਆਂ-ਦਾਰੀ ਵਾਲੀ ਕੋਈ ਗੱਲ ਇਸ ਸਿਦਕ ਨੂੰ ਡੁਲਾ ਨਹੀਂ ਸਕੀ। ਬਾਬਾ ਜੀ ਵੱਡੇ ਬਾਗ਼ ਪ੍ਰਵਾਰ, ਪੁੱਤਰਾਂ ਪੋਤਰਿਆਂ, ਨੂੰਹਾਂ ਧੀਆਂ ਅਤੇ ਭਾਈ ਬੰਧਾਂ ਵਾਲੇ ਸਨ, ਘਰ ਦਾ ਗੁਜ਼ਾਰਾ ਭੀ ਬਹੁਤ ਚੰਗਾ ਸੀ। ਬੀਬੀ ਅਮਰੋ ਜੀ ਦਾ ਰਿਸ਼ਤਾ ਇਨ੍ਹਾਂ ਦੇ ਪ੍ਰਵਾਰ ਵਿੱਚ ਹੋਇਆ ਹੋਣ ਕਰਕੇ ਪ੍ਰਵਾਰ ਦੇ ਜੀਅ ਲਾਜ਼ਮੀ ਤੌਰ ਆਪਨੀ ਵਡਿਅੱਤ ਦਾ ਇਹਸਾਸ ਰੱਖਦੇ ਹੋਣਗੇ ਅਤੇ ਉਨ੍ਹਾਂ ਆਪਣੇ ਬਜ਼ੁਰਗ ਅਮਰ ਦਾਸ ਜੀ ਦੇ ਉਸ ਘਰ ਵਿੱਚ ਜਾ ਰਹਿਣ ਅਤੇ ਉਥੇ ਭਾਂਡੇ ਮਾਂਜਣ ਅਤੇ ਪਾਣੀ ਢੋਣ ਦੇ ਕੰਮ ਨੂੰ ਦੁਨਿਆਵੀਂ ਨਜ਼ਰ ਨਾਲ ਵੇਖਦੇ ਹੋਏ ਜ਼ਰੂਰ ਖੁਣਸ ਖਾਧੀ ਅਤੇ ਅਪਨੇ ਬਜ਼ੁਰਗ ਨੂੰ ਅਜਿਹਾ ਕਰਨ ਤੋਂ ਵਰਜਿਆ ਹੋਵੇਗਾ, ਅਤੇ ਜਦੋਂ ਬਾਬਾ ਅਮਰਦਾਸ ਜੀ ਨੇ ਉਨ੍ਹਾਂ ਦੀ ਇੱਕ ਨਾ ਸੁਣੀ ਤਾਂ ਉਨ੍ਹਾਂ ਦਾ ਮਨ ਜ਼ਰੂਰ ਖੱਟਾ ਹੋਇਆ ਹੋਣਾ ਹੈ। ਬਲਕਿ ਉਨ੍ਹਾਂ ਦੇ ਮੁਤਅੱਲਕ ਲੋਕਾਂ ਅੰਦਰ ਆਮ ਚਰਚਾ ਭੀ ਅਜੇਹੀ ਬਣੀ ਹੋਈ ਸਿੱਧ ਹੁੰਦੀ ਹੈ, ਜਦੋਂ ਪਿੰਡ ਦੇ ਇੱਕ ਕੰਮੀ ਦੇ ਘਰ ਵਾਲੀ ਜੁਲਾਹੀ ਨੇ ਬਾਬਾ ਜੀ ਦੇ ਰਾਤ ਸਮੇਂ ਜੁਲਾਹੇ ਦੀ ਖੱਡੀ ਵਿੱਚ ਡਿੱਗਦੇ ਦਾ ਖੜਕਾ ਸੁਣ ਕੇ ਇਹ ਕਹਿ ਦਿੱਤਾ ਕਿ ਇਸ ਅੱਧੀ ਰਾਤ ਸਮੇਂ *'ਅਮਰੂ ਨਿਥਾਂਵੇ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਹੈ?'* ਜੇ ਕਰ ਛੋਟੇ ਲੋਕਾਂ ਦੇ ਅਜਿਹੇ ਸ਼ਬਦ ਭੀ ਬਾਬਾ ਅਮਰ ਦਾਸ ਨੂੰ ਨਹੀਂ ਡੁਲਾ ਸਕੇ ਤਾਂ ਉਨ੍ਹਾਂ ਦੇ ਗੁਰੂ ਪਰ ਸਿਦਕ ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ? ਫਿਰ ਆਪ ਨੇ ਖਡੂਰ ਆਉਣ ਤੋਂ ਪਹਿਲੋਂ ਲਗਾਤਾਰ ਇੱਕੀ ਵਰ੍ਹੇ ਤੀਰਥ ਯਾਤਰਾ ਅਤੇ ਗੰਗਾ ਦੇ ਇਸ਼ਨਾਨ ਕੀਤੇ ਹੋਏ ਸਨ ਅਤੇ ਜ਼ਰੂਰੀ ਹੈ ਕਿ ਹੋਰ ਯਾਤਰੀਆਂ ਦੀ ਨਿਆਈਂ ਉਨ੍ਹਾਂ ਦੇ ਮਨ ਵਿੱਚ ਆਪਣੀ ਐਸੀ ਧਾਰਮਿਕ ਸਥਿਤੀ ਦਾ ਇਤਿਹਾਸ ਭੀ ਹੋਵੇ ਪਰ ਜਦੋਂ ਆਪ ਨੇ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਲੈ ਲਈ ਤਾਂ ਇਸ ਦੇ ਨਾਲ ਤੀਰਥ ਯਾਤਰਾ ਕੀਤੇ ਹੋਣ ਦੇ ਸਾਰੇ ਅਭਿਮਾਨ ਖਤਮ ਹੋ ਗਏ ਅਤੇ ਗਿਆਰਾਂ ਵਰ੍ਹਿਆਂ ਦੀ ਅਤੁੱਟ ਘਾਲਣਾ ਵਿੱਚ ਇੱਕ ਵਾਰ ਵੀ ਗੁਰੂ ਉੱਪਰੋਂ ਆਪ ਦਾ ਸਿਦਕ ਨਹੀਂ ਡੋਲਿਆ। ਮਾਮੂਲੀ ਜਿਹੇ ਵਡਿਆਈ ਵਾਲੇ ਕੀਤੇ ਕੰਮ, ਕਿਸੇ ਨੂੰ ਦਿੱਤੀ ਸਹਾਇਤਾ ਜਾਂ ਦਾਨ, ਕੋਈ ਕੀਤਾ ਕਰਾਇਆ ਪਾਠ ਜਾਂ ਕਿਸੇ ਪਵਿੱਤਰ ਸਥਾਨ ਦੀ ਯਾਤਰਾ, ਆਦਮੀ ਨੂੰ ਉਮਰ ਭਰ ਨਹੀਂ ਭੁੱਲਦੇ ਅਤੇ ਇਨ੍ਹਾਂ ਦਾ ਜਿਕਰ ਉਹ ਅਨੇਕ ਵਾਰ ਕਰ ਬਹਿੰਦਾ ਹੈ ਪ੍ਰੰਤੂ ਧਨ ਬਾਬਾ ਅਮਰ ਦਾਸ ਜਿਨ੍ਹਾਂ ਦੇ ਮਨ ਪਰ ਇੱਕੀ ਤੀਰਥ ਇਸ਼ਨਾਨਾਂ ਦਾ ਏਨਾ ਪ੍ਰਭਾਵ ਵੀ ਨਹੀਂ ਰਿਹਾ ਜਿੰਨਾਂ ਮਾਂਹ ਦੇ ਦਾਣੇ ਪਰ ਸੁਫੈਦੀ, ਕਿਉਂਕਿ ਆਪ ਗੁਰੂ ਵਾਲੇ ਹੋ ਗਏ ਸਨ। ਕਾਸ਼ ਕਿ ਅਸੀਂ ਗੁਰੂ ਵਾਲੇ ਬਨਣਾ ਜਾਣੀਏ!

ਸੇਵਾ ਅਤੇ ਸਿਦਕ, ਗੁਰੂ ਦੀ ਨਿਸ਼ਕਾਮ ਸੇਵਾ ਅਤੇ ਗੁਰੂ ਉਪਰ ਅਡੋਲ ਵਿਸ਼ਵਾਸ਼, ਬਾਬਾ ਅਮਰ ਦਾਸ ਜੀ ਦੇ ਜੀਵਨ ਆਧਾਰ ਬਣ ਚੁੱਕੇ ਸਨ। ਜਦੋਂ ਮੂਰਖ ਜੁਲਾਹੀ ਦੇ ਅਣਭੋਲ ਕਹੇ ਹੋਏ ਸ਼ਬਦ 'ਅਮਰੂ ਨਿਥਾਵਾਂ', ਸਤਿਗੁਰੂ ਅੰਗਦ ਦੇਵ ਜੀ ਦੀ ਕੰਨੀ ਪਏ ਤਾਂ ਬਿਰਦ ਪਾਲਕ ਸਤਿਗੁਰੂ ਨੇ ਅਪਨੇ ਅਨਿੰਨ ਸੇਵਕ ਉਪਰ ਅਮਿਓ ਦ੍ਰਿਸ਼ਟੀ ਸੁਟਦੇ ਹੋਏ ਫੁਰਮਾਇਆ *'ਅਮਰ ਦਾਸ ਨਿਥਾਵਾਂ ਨਹੀਂ, ਸਗੋਂ ਓਹ ਤਾਂ ਨਿਥਾਵਿਆਂ ਦਾ ਥਾਂ ਹੈ। ਜਿਸ ਦਾ ਕੋਈ ਸਹਾਰਾ ਨਹੀਂ, ਅਮਰ ਦਾਸ ਉਸ ਦਾ ਸਹਾਰਾ ਹੈ। 'ਅਮਰ ਦਾਸ ਤਾਂ ਨਿਥਾਵਿਆਂ ਦਾ ਥਾਂ, ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ, ਨਿਓਟਿਆਂ ਦੀ ਓਟ, ਨਗਤਿਆਂ ਦੀ ਗਤ, ਨਪਤਿਆ ਦੀ ਪਤ ਅਤੇ ਨਿਧਿਰਿਆਂ ਦੀ ਧਿਰ ਹੋਵੇਗਾ*, ਉਸ ਨੂੰ ਕੋਈ *'ਨਿਥਾਵਾਂ ਕਿਵੇਂ ਕਹਿ ਸਕਦਾ ਹੈ?'* ਇਹ ਸੰਨ 1552 ਦੇ ਸ਼ੁਰੂ ਦਾ ਵਾਕਿਆ ਹੈ। ਇਸ ਦੇ ਨਾਲ ਹੀ ਆਪ ਨੇ ਉਸੇ ਸਾਲ ਮਾਘ ਦੀ ਸੰਗ੍ਰਾਂਦ ਵਾਲੇ ਦਿਨ ਬਾਬਾ ਅਮਰ ਦਾਸ ਨੂੰ ਗੁਰਿਆਈ ਦੀ ਗੱਦੀ ਬਖਸ਼ਦੇ ਹੋਏ ਆਪਨੇ ਕਹੇ ਉਕਤ ਬਚਨਾਂ ਨੂੰ ਪੂਰਾ ਕਰ ਦਿੱਤਾ। ਗੁਰੂ ਅਮਰਦਾਸ ਜੀ ਦੀ ਅਵਸਥਾ ਇਸ ਸਮੇਂ ਲਗਪਗ ਤਿਹੱਤਰ ਸਾਲ ਦੀ ਸੀ। ਗੁਰੂ ਅਮਰ ਦਾਸ ਜੀ ਵਲੋਂ ਆਪ ਨੂੰ ਖਡੂਰ ਦੀ ਬਜਾਏ ਗੁਰੂ ਜੋਤਿ ਗੋਇੰਦਵਾਲ ਵਿੱਚ ਜਾ ਜਗਾਉਣ ਦੀ ਆਗਿਆ ਹੋਈ ਸੀ। ਸੋ ਆਪ ਗੁਰੂ ਅੰਗਦ ਦੇਵ ਜੀ ਦੇ ਹੀਨ ਹਯਾਤ ਸਮੇਂ ਹੀ (ਆਪ ਉਸ ਸਾਲ ਤਿੰਨ ਵਿਸਾਖ ਨੂੰ ਜੋਤੀ ਜੋਤਿ ਸਮਾਏ ਸਨ) ਗੋਇੰਦਵਾਲ ਚਲੇ ਗਏ ਸਨ ਅਤੇ ਓਹ ਜੋ ਲਗਾਤਾਰ ਗਿਆਰਾਂ ਸਾਲ ਬਿਆਸ ਕੰਢੇ ਗੋਇੰਦਵਾਲ ਤੋਂ ਰੋਜ਼ਾਨਾ ਪਾਣੀ ਦੀ ਗਾਗਰ ਖਡੂਰ ਲਿਆਉਣ ਦੀ ਨਿਸ਼ਕਾਮ ਸੇਵਾ ਕਰਦੇ ਰਹੇ ਸਨ ਸਤਿਗੁਰੂ ਦੀ ਨਦਰ ਪਾ ਕੇ ਵੱਡੀਆਂ ਵਡਿਆਈਆਂ ਵਾਲੇ ਹੋ ਗਏ :

'ਜਿ ਹੋਂਦੇ ਗੁਰੂ ਬਹਿ ਟਿਕਿਆ
ਤਿਸੁ ਜਨ ਕੀ ਵਡਿਆਈ ਵਡੀ ਹੋਈ'


www.AKJ.Org

# ਗੁਰੂ ਮਾਨਿਓ ਗ੍ਰੰਥ (੨)

(ਡਾ. ਕੁਲਦੀਪ ਕੌਰ 'ਮੋਹਾਲੀ')

ਲੜੀ ਜੋੜਨ ਲਈ "ਸੂਰਾ" ਫਰਵਰੀ ਅੰਕ ਦੇਖੋ.....

ਹਰ ਸਿੱਖ ਰੋਜ਼ ਅਰਦਾਸ ਕਰਨ ਸਮੇਂ ਦਸਾਂ ਪਾਤਸ਼ਾਹੀਆਂ ਦੇ ਪਾਵਨ ਸਰੂਪ ਨੂੰ ਧਿਆਉਣ, ਸਿਮਰਣ ਤੇ ਆਤਮ ਰੰਗ ਵਿਚ ਦੀਦਾਰੇ ਕਰਨ ਉਪਰੰਤ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰਦਾ ਹੈ। ਸੰਗਤ ਵਿਚ ਅਰਦਾਸ ਪਿਛੋਂ ਜਿਸ ਦੋਹਿਰੇ ਦਾ ਗਾਇਨ ਕੀਤਾ ਜਾਂਦਾ ਹੈ ਉਸ ਰਾਹੀਂ ਗ੍ਰੰਥ ਅਤੇ ਪੰਥ ਬਾਰੇ ਸਪੱਸ਼ਟ ਰੂਪ ਵਿਚ ਦ੍ਰਿੜ ਕਰਾਇਆ ਜਾਂਦਾ ਹੈ।

ਆਗਿਆ ਭਈ ਅਕਾਲ ਕੀ
ਤਬੀ ਚਲਾਇਓ ਪੰਥ
ਸਭ ਸਿਖਨ ਕੋ ਹੁਕਮ ਹੈ
ਗੁਰੂ ਮਾਨਿਓ ਗ੍ਰੰਥ।।

ਪਾਰਬ੍ਰਹਮ ਪਰਮਾਤਮਾ ਦੀ ਆਗਿਆ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਿਰਮਲ ਪੰਥ ਚਲਾਇਆ' ਸੀ। ਇਸ ਨਿਰਮਲ ਪੰਥ ਨੂੰ ਦਸਮੇਸ਼ ਪਿਤਾ ਨੇ ਅੰਤਿਮ ਛੋਹਾਂ ਦੇ ਕੇ *'ਪੰਥ ਚਲਾਇਓ ਖਾਲਸਾ'* ਦੇ ਰੂਪ ਵਿਚ ਪ੍ਰਗਟ ਕੀਤਾ। ਆਦਰਸ਼ ਦੀ ਸੰਪੂਰਣਤਾ ਹੋਈ। ਗੁਰੂ ਦੇ ਦੇਹਧਾਰੀ ਸਰੂਪ ਦਾ ਸਥਾਨ ਗੁਰਸ਼ਬਦ ਦੇ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਾਪਤ ਹੋਇਆ। ਸ਼ਬਦ ਦੇ ਗੁਰੂ ਸਰੂਪ ਦੇ ਦਰਸ਼ਨ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਕਰਾ ਦਿੱਤੇ ਸਨ ਜਦੋਂ ਆਪ ਨੇ ਸਿੱਧਾਂ ਨੂੰ ਸੰਬੋਧਿਤ ਹੋ ਆਖਿਆ ਸੀ :

ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ।। (ਸਿਧ ਗੋਸਟਿ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਬਖਸ਼ਿਸ਼ ਕਰਨ ਦੀ ਜੁਗਤੀ ਨੂੰ ਅਪਨਾਅ ਕੇ 'ਆਦਿ ਗ੍ਰੰਥ' ਨੂੰ 'ਗੁਰੂ ਗ੍ਰੰਥ' ਦੀ ਪਦਵੀ ਦੇ ਕੇ ਇਸੇ ਸਿਧਾਂਤ ਨੂੰ ਪਰਪੱਕ ਕਰ ਦਿਖਾਇਆ। ਸਪੱਸ਼ਟ ਹੈ ਕਿ ਬਾਣੀ ਦੇ ਸ਼ਬਦ ਰੂਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ ਰੂਪ ਵਿਚ ਅਨੁਭਵ ਕੀਤਾ ਗਿਆ ਹੈ। 'ਗੁਰਬਾਣੀ ਸੰਗਤ ਬਿਨਾ ਦੂਜੀ ਓਟ ਨਹੀਂ ਹੈ ਰਾਈ' (ਭਾਈ ਗੁਰਦਾਸ ਜੀ)। ਬਾਣੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਪ੍ਰਗਟ ਹੋਈ ਅਤੇ ਸੰਗਤ ਨੇ ਪੰਥ ਦਾ ਰੂਪ ਧਾਰਿਆ। ਸ੍ਰੀ ਕੇਸਗੜ੍ਹ ਸਾਹਿਬ 1699 ਈ: ਦੀ ਵਿਸਾਖੀ ਵਾਲੇ ਦਿਨ ਸੀਸ ਭੇਟ ਕਰਨ ਵਾਲੇ ਪੰਜ ਸਿੱਖ ਨਿਤਰੇ। ਖਾਲਸਾ ਰੂਪ ਧਾਰ ਪੰਜ ਪਿਆਰੇ ਬਣੇ। ਇਹ ਪੰਥ ਦਾ ਆਰੰਭਿਕ ਪ੍ਰਤਿਨਿਧ ਸਰੂਪ ਸੀ। ਇਨ੍ਹਾਂ ਰਾਹੀਂ 'ਪੰਥ ਪ੍ਰਚਾਰ' ਦਾ ਕਾਰਜ ਨਿਯਮ ਬੱਧ ਵਿਧੀ ਨਾਲ ਆਰੰਭ ਹੋਇਆ। ਸਭ ਤੋਂ ਪਹਿਲਾਂ ਦਸਮੇਸ਼ ਪਿਤਾ ਨੇ ਆਪ ਇਨ੍ਹਾਂ ਕੋਲੋਂ ਅੰਮ੍ਰਿਤ ਛਕਿਆ ਅਤੇ ਫਿਰ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨੇ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨਾਂਦੇੜ ਵਿਖੇ ਗ੍ਰੰਥ ਅਤੇ ਪੰਥ ਦੇ ਹੱਥ ਵਿਚ ਸਿਖੀ ਦੀ ਵਾਗਡੋਰ ਸੰਭਾਲੀ ਗਈ।

ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਦੀ ਬਖਸ਼ਿਸ਼, ਇਹ ਦੋ ਘਟਨਾਵਾਂ ਤਾਂ ਵਿਸ਼ੇਸ਼ ਰੂਪ ਵਿਚ ਵਰਨਣ ਕੀਤੀਆਂ ਜਾਂਦੀਆਂ ਹਨ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਬਾਣੀ ਦੇ ਸ਼ਬਦ ਰੂਪ ਨੂੰ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਨੁਭਵ ਕੀਤਾ ਜਾ ਚੁੱਕਿਆ ਸੀ। ਬਾਣੀ ਨੂੰ ਗੁਰੂ ਰੂਪ ਵਿਚ ਚੌਥੇ ਪਾਤਸ਼ਾਹ ਵੀ ਵਰਨਣ ਕਰ ਚੁੱਕੇ ਸਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਛੇਵੇਂ ਪਾਤਸ਼ਾਹ ਉਸ ਸਿੱਖ ਨੂੰ ਗੁਰਿਆਈ ਦੀ ਬਖਸ਼ਿਸ਼ ਕਰਨ ਲਈ ਤਿਆਰ ਸਨ ਜਿਸਨੇ ਜਪੁ ਜੀ ਸਾਹਿਬ ਦਾ ਪਾਠ ਸ਼ੁੱਧ ਰੂਪ ਵਿਚ ਸੁਣਾਇਆ ਸੀ। ਇਹ ਵੱਖਰੀ ਗੱਲ ਹੈ ਕਿ ਸਿੱਖ ਦੇ ਮਨ ਦੀ ਸੰਸਾਰਕ ਇੱਛਾ ਨੇ ਅਜਿਹਾ ਨਾ ਹੋਣ ਦਿੱਤਾ। ਕਿਸੇ ਡਰ, ਲਾਲਚ ਅਤੇ ਖੁਸ਼ਾਮਦ ਕਰਨ ਦੀ ਭਾਵਨਾ ਨਾਲ ਬਾਣੀ ਦਾ ਇਕ ਸ਼ਬਦ ਬਦਲਣ ਕਰਕੇ ਸੱਤਵੇਂ ਪਾਤਸ਼ਾਹ ਆਪਣੇ ਵੱਡੇ ਪੁੱਤਰ ਰਾਮ ਰਾਇ ਨਾਲ ਇੰਨੇ ਨਾਰਾਜ਼ ਹੋਏ ਕਿ ਫਿਰ ਸਾਰੀ ਉਮਰ ਉਸ ਨੂੰ ਮੱਥੇ ਨਹੀਂ ਲਾਇਆ ਅਤੇ ਨਾ ਹੀ ਸਿੱਖਾਂ ਨੂੰ ਉਸ ਨਾਲ ਮੇਲ ਜੋਲ ਰੱਖਣ ਦਿੱਤਾ। ਇਹ ਘਟਨਾਵਾਂ ਸਿੱਧ ਕਰਦੀਆਂ ਹਨ ਕਿ ਬਾਣੀ ਨੂੰ ਗੁਰੂ ਰੂਪ ਸਮਝ ਕੇ ਕਿੰਨਾ ਮਾਨ ਅਤੇ ਸਤਿਕਾਰ ਦਿੱਤਾ ਜਾਂਦਾ ਸੀ।

ਜਿਵੇਂ ਪਹਿਲੇ ਗੁਰੂ ਸਾਹਿਬਾਨ ਆਪਣੇ ਜੀਵਨ ਕਾਲ ਵਿਚ ਹੀ ਸੁਯੋਗ ਸਿਖ ਨੂੰ ਗੁਰਿਆਈ ਦੀ ਬਖਸ਼ਿਸ਼ ਕਰਦੇ ਰਹੇ, ਉਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਚਖੰਡ ਪਧਾਰਨ ਤੋਂ ਪਹਿਲਾਂ ਦਸਾਂ ਗੁਰੂਆਂ ਦੀ ਜੋਤ ਗ੍ਰੰਥ ਸਾਹਿਬ ਅੱਗੇ ਸੀਸ ਝੁਕਾ ਸਿੱਖਾਂ ਨੂੰ ਅੱਗੇ ਤੋਂ ਗ੍ਰੰਥ ਨੂੰ ਹੀ ਗੁਰੂ ਮੰਨਣ ਦਾ ਉਪਦੇਸ਼ ਦਿੱਤਾ। ਭਾਈ ਨੰਦ ਲਾਲ ਸਿੰਘ ਜੀ ਦੀ ਬਾਣੀ ਵਿਚ ਇਸ ਬਾਰੇ ਸਪੱਸ਼ਟ ਵਰਨਣ ਮਿਲਦਾ ਹੈ : ਨੰਦ ਲਾਲ ਵਾਚ



www.AKJ.Org

ਦੋਹਾ
ਤੁਮ ਜੁ ਕਹਾ ਗੁਰਦੇਵ ਜੀ
ਦਰਸਨ ਕਰ ਮੋਹਿ ਆਇ।।
ਲਖੀਏ ਤੁਮਰਾ ਦਰਸ ਕਹਾਂ
ਕਹੋ ਮੋਹਿ ਸਮਝਾਇ।।੯।।

ਸ੍ਰੀ ਗੁਰੂ ਵਾਚ

ਦੋਹਾ
ਤੀਨ ਰੂਪ ਹੈ ਮੋਹਿ ਕੇ
ਸੁਣਹੁ ਨੰਦ ਚਿਤ ਲਾਇ।।
ਨਿਰਗੁਣ, ਸਰਗੁਣ, ਗੁਰ ਸ਼ਬਦ ਹੈਂ
ਕਹੋ ਤੋਹਿ ਸਮਝਾਇ।।੧੦।।

-------

ਜੋ ਸਿਖ ਗੁਰ ਦਰਸਨ ਕੀ ਚਾਹਿ।।
ਦਰਸਨ ਕਰੇ ਗ੍ਰੰਥ ਜੀ ਆਹਿ।।੧੪।।

-------

ਜੋ ਮਮ ਸਾਥ ਚਾਹੇ ਕਰ ਬਾਤ।।
ਗ੍ਰੰਥ ਜੀ ਪੜ੍ਹੇ ਸੁਣੇ ਬੀਚਾਰੇ ਸਾਥ।।੧੮।।
ਜੋ ਮੁਝ ਬਚਨ ਸੁਣਨ ਕੀ ਚਾਇ।।
ਗ੍ਰੰਥ ਜੀ ਪੜ੍ਹੇ ਸੁਣੇ ਚਿਤ ਲਾਇ।।੧੯।।
ਮੇਰਾ ਰੂਪ ਗ੍ਰੰਥ ਜੀ ਜਾਣ।।
ਇਸ ਮੇਂ ਭੇਦ ਨਹੀਂ ਕੁਝ ਮਾਨ।।੨੦।।
ਤੀਸਰ ਰੂਪ ਸਿਖ ਹੈਂ ਮੋਰ।।
ਗੁਰਬਾਣੀ ਰਤ ਜਿਹ ਨਿਸ ਭੋਰ।।੨੧।।

------

ਇਨ ਕਰਮਨ ਮੇਂ ਜੋ ਪਰਧਾਨ।।
ਸੋ ਸਿਖ ਰੂਪ ਮੇਰਾ ਪਹਿਚਾਨ।।੨੬।।

ਇਕ ਹੋਰ ਪ੍ਰਸ਼ਨ ਦੇ ਉੱਤਰ ਵਿਚ ਸ੍ਰੀ ਗੁਰੂ ਵਾਚ ਹੈ:

ਗੁਰ ਸਿਖ ਸਰਗੁਣ ਰੂਪ ਸੁਜਾਨ,
ਪ੍ਰਿਥਮ ਸੇਵ ਗੁਰ ਹਿਤ ਚਿਤ ਕਾਨ।।੩੩।।
ਗੁਰਸਿਖ ਸੇਵ ਸ਼ਬਦ ਜੋ ਗਹੇ,
ਸ਼ਬਦ ਸਰੂਪ ਜੋ ਇਹ ਬਿਧ ਲਹੇ।।੩੪।।

ਸਪੱਸ਼ਟ ਹੈ ਕਿ ਨਾਮ ਦੀ ਦ੍ਰਿੜ੍ਹਤਾ, ਸ਼ਬਦ ਦੀ ਆਂਤ੍ਰਿਕ ਸੋਝੀ ਉਪਰੋਕਤ ਗੁਣਾਂ ਦੇ ਧਾਰਣੀਯ ਸਿਖਾਂ ਦੁਆਰਾ ਹੀ ਹੋਣੀ ਹੈ। ਪ੍ਰਥਮ ਤੇ ਪ੍ਰਮੁੱਖ ਗੁਣ ਗੁਰਬਾਣੀ ਦਾ ਪਿਆਰਾ ਹੈ। ਸਾਰੀਰ ਤੱਕ ਪਹੁੰਚ ਕੀਤਿਆਂ 'ਰਤਨਾ ਰਤਨ ਪਦਾਰਥ' ਆਪਣੇ ਆਪ ਮਿਲ ਜਾਂਦੇ ਹਨ। ਇਨ੍ਹਾਂ ਨੂੰ ਪ੍ਰਾਪਤ ਕਰਨ ਵਾਲੇ ਹੀ ਵੰਡਣ ਦੇ ਅਧਿਕਾਰੀ ਹੁੰਦੇ ਹਨ। ਇਹ ਅਧਿਕਾਰ ਪੰਜ ਪਿਆਰਿਆਂ ਦੇ ਰੂਪ ਵਿਚ ਪੰਥ ਨੂੰ ਪ੍ਰਾਪਤ ਹੋਇਆ ਸੀ। 'ਗੁਰੂ ਮਾਨਿਓ ਗ੍ਰੰਥ' ਦੇ ਸਿਧਾਂਤ ਨੇ ਦੇਹ ਰੂਪ ਵਿਚ ਗੁਰੂ ਪਦ ਨੂੰ ਮੂਲੋਂ ਹੀ ਸਮਾਪਤ ਨਹੀਂ ਸੀ ਕੀਤਾ। ਪੰਥ ਦੀ ਸਿਰਜਨਾ ਹੋ ਚੁੱਕੀ ਸੀ। ਪੰਥ ਦਾ ਹੁਕਮ ਦਸਮ ਪਾਤਸ਼ਾਹ ਨੇ ਆਪ ਮੰਨਿਆ ਸੀ। ਕਬਰ ਨੂੰ ਸਲਾਮੀ ਦੇਣ ਪਿਛੋਂ ਪੰਥ ਕੋਲੋਂ ਤਨਖਾਹ ਲੁਆ ਕੇ ਅਤੇ ਫਿਰ ਪੰਥ ਦੇ ਹੁਕਮ ਨਾਲ ਕੱਚੀ ਗੜ੍ਹੀ ਵਿਚੋਂ ਨਿਕਲ ਕੇ ਪੰਥ ਦੀ ਮਹਾਨਤਾ ਅਤੇ ਪ੍ਰਧਾਨਤਾ ਨੂੰ ਸਥਾਪਤ ਕੀਤਾ ਗਿਆ ਸੀ। ਗੁਰੂ ਨੇ ਪੰਥ ਦੇ ਹੁਕਮ ਅੱਗੇ ਸੀਸ ਝੁਕਾਇਆ ਸੀ। ਸੀਸ ਤਾਂ ਕੇਵਲ ਗੁਰੂ ਅੱਗੇ ਹੀ ਝੁਕ ਸਕਦਾ ਹੈ। ਸਾਰੇ ਗੁਰੂ ਸਾਹਿਬ ਸੰਭਾਵੀਂ ਗੁਰੂ ਨੂੰ ਗੁਰਿਆਈ ਬਖਸ਼ਣ ਉਪਰੰਤ, ਉਸ ਅੱਗੇ ਸੀਸ ਝੁਕਾ ਸੰਸਾਰ ਯਾਤਰਾ ਦਾ ਰਹਿੰਦਾ ਸਮਾਂ ਸਿੱਖ ਰੂਪ ਵਿਚ ਹੀ ਵਿਚਰਦੇ ਰਹੇ। ਦਸਮ ਪਾਤਸ਼ਾਹ ਦੇ ਹੁਕਮ ਨਾਲ ਆਪਾ ਸਮਰਪਿਤ ਪੰਜ ਪਿਆਰੇ ਪੰਥ ਦੀ ਪ੍ਰਤਿਨਿਧਤਾ ਕਰਨ ਲੱਗੇ। ਗੁਰੂ ਜੋਤ ਦੀ ਗ੍ਰੰਥ ਵਿਚ ਅਤੇ ਕਾਇਆ ਦੀ ਪੰਥ ਵਿਚ ਸਮਾਈ ਹੋ ਗਈ। ਜੋਤ ਅਤੇ ਦੇਹ (ਗ੍ਰੰਥ ਅਤੇ ਪੰਥ) ਦੇ ਸੰਗਮ ਦੁਆਰਾ ਗੁਰੂ ਦੇ ਕਰਤੱਵ ਨਿਭਾਏ ਜਾਣ ਲੱਗੇ।

ਗੁਰੂ ਗ੍ਰੰਥ ਜੀ ਮਾਨਿਓ
ਪ੍ਰਗਟ ਗੁਰਾਂ ਕੀ ਦੇਹ।।
ਜੋ ਪ੍ਰਭ ਕੋ ਮਿਲਬੋ ਚਹੈ
ਖੋਜ ਸ਼ਬਦ ਮੇਂ ਲੇਹਿ।।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ 'ਪ੍ਰਭ ਮਿਲਬੇ ਕਉ ਪ੍ਰੀਤ ਮਨ ਲਾਗੀ' ਵਾਲੇ ਬਿਰਹੀ ਸਿਖ ਪੰਜ ਪਿਆਰਿਆਂ ਵਲੋਂ ਕਲਾ ਵਰਤਾਏ ਜਾਣ ਨਾਲ 'ਗੁਪਤ ਨਾਮ ਪਰਗਾਝਾ' ਵਾਲੀ ਅਵਸਥਾ ਤੱਕ ਪਹੁੰਚ ਜਾਂਦੇ ਹਨ। ਕਿਹਾ ਵਿਲੱਖਣ ਸਰੂਪ ਹੈ ਗ੍ਰੰਥ ਅਤੇ ਪੰਥ ਦੇ ਸੰਯੁਕਤ ਗੁਰੂਤਵ ਦਾ ! ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਪੰਜ ਪਿਆਰੇ ਗੁਰੂ ਰੂਪ ਹੁੰਦੇ ਹਨ। ਬਾਹਰ ਆ ਕੇ ਉਨ੍ਹਾਂ ਅਤੇ ਹੋਰ ਸਿੱਖਾਂ ਵਿਚ ਕੋਈ ਅੰਤਰ ਨਹੀਂ ਰਹਿੰਦਾ। ਨਾਮ ਦੀ ਦ੍ਰਿੜ੍ਹਤਾ ਅਤੇ ਰਹਿਤ ਮਰਯਾਦਾ ਦੀ ਜਾਣਕਾਰੀ ਕਰਾਉਣ ਲਈ ਪੰਥ ਦੀ ਮਹਾਨਤਾ ਹੁੰਦਿਆਂ ਵੀ ਗੁਰੂ ਪਦ ਤਖਤ ਉੱਤੇ ਸ਼ਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਪ੍ਰਾਪਤ ਹੈ।

'ਗੁਰੂ ਮਾਨਿਓ ਗ੍ਰੰਥ' ਦੇ ਸਿਧਾਂਤ ਦੀ ਪੁਸ਼ਟੀ ਲਈ ਅਸੀਂ ਬੜੇ ਦਾਅਵੇ ਨਾਲ ਕਹਿੰਦੇ ਹਾਂ 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' (ਸ੍ਰੀ ਗੁਰੂ ਨਾਨਕ ਦੇਵ ਜੀ) ਪਰ ਇਹ


www.AKJ.Org

ਨਹੀਂ ਸੋਚਦੇ ਕਿ ਅਸੀਂ ਤਾਂ ਤੁਕ ਦੇ ਕੇਵਲ ਅੱਧੇ ਭਾਗ ਦੀ ਪ੍ਰੋੜਤਾ ਹੀ ਕਰ ਰਹੇ ਹਾਂ। ਸਰੀਰ ਗੁਰੂ ਨਹੀਂ, ਗੁਰੂ ਤਾਂ ਸ਼ਬਦ ਹੈ, ਹੁਕਮ ਹੈ, ਨਾਮ ਹੈ, ਬਾਣੀ ਹੈ, ਨਾਮ ਰੂਪ ਜੋਤ ਹੈ ਜੋ ਗੁਰੂ ਦੇ ਸਰੀਰ ਵਿਚ ਵਰਤਦੀ ਹੈ। ਜੇ ਗੁਰੂ ਸਰੀਰ ਨਹੀਂ ਤਾਂ ਉਪਰੋਕਤ ਤੁਕ ਦਾ ਦੂਸਰਾ ਭਾਗ ਸਪਸ਼ਟ ਕਰਦਾ ਹੈ ਕਿ ਸਿੱਖ ਵੀ ਨਿਰਾ ਸਰੀਰ ਨਹੀਂ। ਸਿੱਖ ਦੇ ਸਰੀਰ ਅੰਦਰ ਵਰਤ ਰਹੀ 'ਸੁਰਤਿ ਧੁਨਿ' ਹੀ ਸਿੱਖ ਬਣਾਉਂਦੀ ਹੈ। ਗੁਰਬਾਣੀ ਵਿਚ ਥਾਂ ਥਾਂ ਇਸ ਬਾਰੇ ਸੰਕੇਤ ਮਿਲਦੇ ਹਨ। ਜੇ ਸਰੀਰ ਹੀ ਸਿੱਖ ਹੁੰਦਾ ਤਾਂ ਇਹ ਨਾ ਕਿਹਾ ਜਾਂਦਾ :

ਅਪਰਾਧੀ ਦੂਣਾ ਨਿਵੈ
ਜੋ ਹੰਤਾ ਮਿਰਗਾਹਿ।।
ਸੀਸ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ।। (ਆਸਾ ਦੀ ਵਾਰ)

ਸਿਖੀ ਨੇ ਪ੍ਰਗਟ ਤਾਂ ਸਰੀਰ ਰਾਹੀਂ ਅਤੇ ਸਰੀਰ ਦੇ ਕਰਤਵਾਂ ਰਾਹੀਂ ਹੋਣਾ ਹੈ ਪਰ ਜੇ ਸੁਰਤਿ ਵਿਚ ਸਿੱਖੀ ਨਹੀਂ, ਸਿੱਖ ਦੀ ਸੁਰਤਿ ਸ਼ਬਦ ਦੀ ਧੁਨੀ ਵਿਚ ਲੀਨ ਨਹੀਂ।

'ਪੰਚ ਸਬਦ ਧੁਨਿ ਅਨਹਦ ਵਾਜੇ'
(ਰਾਗ ਸੂਹੀ ਮ: ੧, ਛੰਤੁ ਘਰੁ ੨, ਪੰਨਾ ੭੬੪)

ਵਾਲੀ ਅਵਸਥਾ ਨਹੀਂ ਬਣੀ ਤਾਂ ਸਿੱਖ ਆਪਣੇ ਬਾਹਰੀ ਸਰੂਪ ਦੀ ਸੰਪੂਰਣਤਾ ਪ੍ਰਗਟ ਕਰਦਾ ਹੋਇਆ ਵੀ ਸਹੀ ਅਰਥਾਂ ਵਿਚ ਸਿੱਖ ਨਹੀਂ।

'ਗੁਰੂ ਮਾਨਿਓ ਗ੍ਰੰਥ' ਦੇ ਸਿਧਾਂਤ ਦੀ ਪਰਪੱਕਤਾ ਦੇ ਵਿਸ਼ਵਾਸੀ ਸਿੱਖ ਅਸੀਂ ਤਾਂ ਬਣ ਸਕਾਂਗੇ ਜੇ ਸਾਡੇ ਹਿਰਦੇ ਦੀਆਂ ਡੂੰਘਾਈਆਂ ਵਿਚੋਂ ਇਸ ਤਰ੍ਹਾਂ ਦੇ ਭਾਵ ਪ੍ਰਗਟ ਹੋਣ :

ਮੈ ਸਤਿਗੁਰ ਸੇਤੀ ਪਿਰਹੜੀ
ਕਿਉ ਗੁਰ ਬਿਨੁ ਜੀਵਾ ਮਾਉ।।
ਮੈ ਗੁਰਬਾਣੀ ਆਧਾਰੁ ਹੈ
ਗੁਰਬਾਣੀ ਲਾਗਿ ਰਹਾਉ।।੮।।
(ਗੁਰੂ ਰਾਮਦਾਸ ਜੀ, ਪੰਨਾ ੭੫੯)

ਗੁਰ ਕਾ ਸਬਦੁ ਲਗੋ ਮਨਿ ਮੀਠਾ।।
ਪਾਰਬ੍ਰਹਮੁ ਤਾ ਤੇ ਮੋਹਿ ਡੀਠਾ।।
(ਗੁਰੂ ਅਰਜਨ ਦੇਵ ਜੀ, ਪੰਨਾ ੧੮੭)

ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਛਕ, ਨਾਮ ਦ੍ਰਿੜ੍ਹ ਕਰਾ, ਗੁਰਮੰਤ੍ਰ ਪ੍ਰਾਪਤ ਕਰਕੇ ਵਡਭਾਗੇ ਅਭਿਆਸੀ ਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰੂ ਸਰੂਪ ਦੇ ਪ੍ਰਤੱਖ ਦਰਸ਼ਨ ਕਰਦੇ ਹਨ। ਉਹ ਪੂਰੇ ਵਿਸ਼ਵਾਸ਼ ਨਾਲ ਕਹਿੰਦੇ ਹਨ ਕਿ ਆਪਣੇ ਗੁਰੂ ਪਿਤਾ ਦਸਮੇਸ਼ ਉੱਤੇ ਭਰੋਸਾ ਕਰਕੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਗੱਲਾਂ ਕਰਕੇ ਤਾਂ ਵੇਖੀਏ। ਆਪਣੇ ਦੁਖ ਉਸੇ ਅੱਗੇ ਰੋਈਏ, ਉਸੇ ਕੋਲੋਂ ਸਮਾਧਾਨ ਪੁਛੀਏ, ਉਹ ਜ਼ਰੂਰ ਸਾਡੀ ਸਹਾਇਤਾ ਕਰਦਾ ਹੈ। ਉਸਦਾ ਹੁਕਮ ਸੁਣੀਏ, ਮੰਨੀਏ, ਫਿਰ ਵੇਖੀਏ ਕੀ ਅਸਰ ਹੁੰਦਾ ਹੈ। ਉਸ ਕੋਲ ਸਾਡੀ ਹਰ ਸਮੱਸਿਆ ਦਾ ਹਲ ਹੈ। ਸਾਨੂੰ ਤਾਂ ਸੁਚੱਜੇ ਢੰਗ ਨਾਲ ਅਰਦਾਸ ਕਰਨੀ ਵੀ ਨਹੀਂ ਆਉਂਦੀ। ਉਹ ਸਾਨੂੰ ਅਰਦਾਸ ਕਰਨ ਦੀ ਜਾਚ ਸਿਖਾਉਂਦਾ ਹੈ। ਇੰਜ ਜਾਪਦਾ ਹੈ ਜਿਵੇਂ ਉਹ ਸਾਡੇ ਨਾਲ ਰਲ ਕੇ ਅਰਦਾਸ ਕਰ ਰਿਹਾ ਹੋਵੇ। ਸਾਡੀਆਂ ਭੁੱਲਾਂ ਬਖਸ਼ ਕੇ, ਅਕਾਲ ਪੁਰਖ ਦੀਆਂ ਬਖਸ਼ਿਸ਼ਾਂ ਦੇ ਪਾਤਰ ਬਣਾ ਰਿਹਾ ਹੈ। ਭਰੋਸੇ ਵਾਲੇ ਹਿਰਦਿਆਂ ਵਿਚੋਂ ਨਿਕਲੀਆਂ ਅਰਦਾਸਾਂ ਦਾ ਸਪੱਸ਼ਟ ਉੱਤਰ ਮਿਲਦਾ ਹੈ ਪਰ ਸਮਝਣ ਦੀ ਸਮਰਥਾ ਹਾਰੀ ਸਾਰੀ ਨੂੰ ਨਹੀਂ ਹੁੰਦੀ। ਆਓ ! ਉਸਦੀ ਬਖਸ਼ਿਸ਼ ਦੇ ਪਾਤਰ ਬਣਕੇ 'ਵਾਲਹੁ ਨਿਕੇ' 'ਖੰਨਿਅਹੁ ਤਿਖੇ' ਸਿਖੀ ਮਾਰਗ ਉੱਤੇ ਚਲਦਿਆਂ ਘਾਲਣਾ ਘਾਲੀਏ ਜਿਵੇਂ ਪ੍ਰਥਮ ਜੋਤ ਨੇ ਸਾਨੂੰ ਅਸਲੀ ਉਪਦੇਸ਼ ਦਿੱਤਾ ਹੈ :

ਪਹਿਲਾ ਬਾਬੇ ਪਾਇਆ ਬਖਸੁ ਦਰਿ
ਪਿਛੋ ਦੇ ਫਿਰ ਘਾਲਿ ਕਮਾਈ।।
(ਭਾਈ ਗੁਰਦਾਸ ਜੀ)

❖❖❖❖❖

(ਪੰਨਾ ੮ ਦਾ ਬਾਕੀ.........)

ਲਿਵ ਲਾਗੈ ਜਾਗਤ ਰੈਣਿ ਵਿਹਾਣੀ। (ਪੰਨਾ ੬੨੦) ਲਿਵ ਜਾਂ ਸਹਿਜ ਦੀ ਅਵਸਥਾ Thought less awakening state ਹੁੰਦੀ ਹੈ ਤਾਂ ਫਿਰ 'ਅਨਦਿਨੁ ਹਰਿ ਲਿਵ ਲਾਗੈ' ਦਾ ਅਰਥ ਹੋਇਆ 'ਅਹਿਨਿਸਿ ਜਾਗੈ ਨੀਦ ਨ ਸੋਵੈ।। ਸੋ ਜਾਣੈ ਜਿਸੁ ਵੇਦਨ ਹੋਵੈ।।' (ਪੰਨਾ ੬੯੩)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ 'ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ।। ਧੰਨ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ।।' (ਪੰਨਾ ੩੧੯) ਇਸ ਲਈ ਸਾਨੂੰ ਹਰ ਵਕਤ ਅਭਿਆਸ ਦੁਆਰਾ "ਹਰਿ ਲਿਵ ਲਾਗੈ" ਜਾਂ "ਸਾਸਿ ਗਿਰਾਸ ਨ ਵਿਸਰੈ" ਦੀ ਅਵਸਥਾ ਵਿੱਚ ਰਹਿਣਾ ਪਵੇਗਾ। ਜਦੋਂ ਅਸੀਂ ਗੁਰ-ਫੁਰਮਾਨ ਅਨੁਸਾਰ ਹਰ ਵਕਤ ਲਿਵ ਜਾਂ ਸਹਿਜ ਦੀ ਅਵੱਸਥਾ ਵਿੱਚ ਵਿਚਰਾਂਗੇ ਤਾਂ ਕਿਸੀ ਭੀ ਵਕਤ "ਜਮ ਰਾਜ ਕੇ ਹੇਰੂ" ਜਾਂ ਦੇਵ-ਗਣ, ਕੋਈ ਭੀ ਆ ਜਾਵੇ ਤੇ ਲੈ ਜਾਵੇ ਅਸੀਂ 'ਹਰਿ ਸਿਮਰਨ' ਕਰਦੇ ਹੋਏ ਅਕਾਲ-ਪੁਰਖ ਵਿੱਚ ਸਮਾਈ ਪਰਾਪਤ ਕਰ ਹਮੇਸ਼ਾਂ ਹਮੇਸ਼ਾਂ ਲਈ ਅਮਰ ਹੋ ਜਾਵਾਂਗੇ। ❖❖❖❖❖



www.AKJ.Org

# ਫੋਕਟ ਕਰਮ

(ਭਾਈ ਹੀਰਾ ਸਿੰਘ ਜੀ)

"ਫੋਕਟ ਕਰਮ ਕਰਹਿ ਅਗਿਆਨੀ
ਮਨਮੁਖਿ ਅੰਧ ਕਹਾਵਥ॥"

(ਮਾਰੂ ਮ: ੫, ਪੰਨਾ ੧੦੦੧)

ਮਨੁੱਖ ਵਜੂਦ ਵਿਚ ਆਉਣ ਵੇਲੇ ਤੋਂ ਲੈ ਕੇ ਮਰਨ ਪ੍ਰਜੰਤ ਅਨੇਕ ਤਰ੍ਹਾਂ ਦੇ ਕਰਮ ਕਰਦਾ ਹੈ। ਇਨ੍ਹਾਂ ਕਰਮਾਂ ਨੂੰ ਦੋ ਹਿੱਸਿਆਂ ਵਿਚ ਵੰਡਿਆਂ ਜਾ ਸਕਦਾ ਹੈ। ਇਕ ਉਹ ਕਰਮ ਹੁੰਦੇ ਹਨ ਜੋ ਮਨੁੱਖ ਦੇ ਵਿਕਾਸ ਵਿਚ ਸਹਾਇਕ ਹੁੰਦੇ ਹਨ। ਦੂਜੇ ਉਹ ਕਰਮ ਹਨ ਜੋ ਮਨੁੱਖ ਦੇ ਵਿਕਾਸ ਨੂੰ ਰੋਕਦੇ ਹਨ। ਵਿਕਾਸਸ਼ੀਲ ਕਰਮ ਅੱਛੇ ਅਤੇ ਵਿਕਾਸ ਰੋਕਣ ਵਾਲੇ ਕਰਮ ਬੁਰੇ ਅਖਵਾਂਦੇ ਹਨ। ਵਿਦਵਾਨਾਂ ਦਾ ਅਜਿਹਾ ਹੀ ਖਿਆਲ ਹੈ।

ਪ੍ਰੰਤੂ ਵਿਦਵਾਨਾਂ ਨੇ ਵਹਿਮਾਂ ਭਰਮਾਂ ਵਸ ਵਿਕਾਸਸ਼ੀਲ ਕਰਮਾਂ ਅੰਦਰ ਅਜਿਹੇ ਕਰਮਾਂ ਨੂੰ ਭੀ ਪ੍ਰਧਾਨਤਾ ਦਿੱਤੀ ਹੈ ਜੋ ਅਕਲ ਦੀ ਕਸੌਟੀ ਉੱਤੇ ਨਿਰਾਰਥਕ, ਸਾਰ ਰਹਿਤ ਤੇ ਫੋਕੇ ਪ੍ਰਤੀਤ ਹੁੰਦੇ ਹਨ। ਗੁਰਮਤਿ ਅੰਦਰ ਜੀਵਨ ਆਦਰਸ਼ ਹੀਣ, ਥੋਥੇ ਕਰਮਾਂ ਨੂੰ ਹੀ ਫੋਕਟ ਕਰਮ ਮੰਨਿਆ ਗਿਆ ਹੈ ਕਿਉਂਕਿ ਅਜੇਹੇ ਫੋਕਟ ਕਰਮ ਆਖਿਰ ਸ਼ਰਮਿੰਦਗੀ ਦਾ ਕਾਰਨ ਬਣ ਜ਼ਾਦੇ ਹਨ।

"ਜਿਹ ਕਰਣੀ ਹੋਵਹਿ ਸਰਮਿੰਦਾ
ਇਹਾ ਕਮਾਨੀ ਰੀਤਿ॥
ਸੰਤ ਕੀ ਨਿੰਦਾ ਸਾਕਤ ਕੀ ਪੂਜਾ
ਐਸੀ ਦ੍ਰਿੜੀ ਬਿਪਰੀਤਿ॥੧॥
ਮਾਇਆ ਮੋਹ ਭੂਲੋ ਅਵਰੈ ਹੀਤ॥
ਹਰਿਚੰਦਉਰੀ ਬਨ ਹਰ ਪਾਤ ਰੇ
ਇਹੈ ਤੁਹਾਰੋ ਬੀਤ॥੧॥ਰਹਾਉ॥

(ਧਨਾਸਰੀ ਮ: ੫-੬੭੩)

ਇਸ ਗੁਰਮਤਿ ਦੇ ਪ੍ਰਕਾਸ਼ ਅੰਦਰ, ਮਾਨਵੀ ਜੀਵਨ ਅੰਦਰ ਪ੍ਰਵੇਸ਼ ਕਰ ਦਿੱਤੇ ਗਏ ਕੁਝ ਕੁ ਫੋਕਟ ਕਰਮਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਕਿਸੀ ਮਨੁੱਖ ਦੇ ਘਰ ਬੱਚਾ ਪੈਦਾ ਹੋਣ ਸਮੇਂ ਉਸ ਦੇ ਘਰ ਦੇ ਦਰਵਾਜ਼ੇ ਦੀ ਸਰਦਲ ਉਪਰ ਅੰਬ ਆਦਿ ਦੇ ਹਰੇ ਪੱਤੇ ਰੱਸੀ ਵਿਚ ਪਰੋ ਕੇ ਟੰਗੇ ਜਾਂਦੇ ਹਨ ਜੋ ਬੁਰੀਆਂ ਰੂਹਾਂ ਨੂੰ ਅੰਦਰ ਜਾਣੋ ਰੋਕਦੇ ਮੰਨੇ ਗਏ ਹਨ। ਅਸਲ ਵਿਚ ਇਹ ਇਸ ਘਰ ਬੱਚਾ ਪੈਦਾ ਹੋਣ ਦੀ ਨਿਸ਼ਾਨੀ ਹੈ ਅਤੇ ਰੌਲੇ ਗੌਲੇ ਤੋਂ ਬਚਾਂਦੀ ਹੈ। ਉਸ ਸਮੇਂ ਛੂਤ ਛਾਤ ਐਨੀ ਮੰਨੀ ਜਾਂਦੀ ਹੈ ਕਿ ਉਸ ਘਰ ਦਾ ਅੰਨ ਜਲ ਛਕਣਾ ਵਰਜਿਤ ਕਰਾਰ ਦਿੱਤਾ ਜਾਂਦਾ ਹੈ।

ਲੜਕੇ ਦੇ ਲੱਕ ਦੁਆਲੇ ਤੜਾਗੀ ਪਾਉਣਾ ਸ਼ੁਭ ਮੰਨਿਆ ਜਾਂਦਾ ਹੈ। ਵਿਚਾਰੀ ਲੜਕੀ ਨਾਲ ਭਿੰਨ ਭੇਦ ਵਰਤਿਆ ਜਾਂਦਾ ਹੈ, ਉਹ ਤੜਾਗੀ ਦੇ ਸ਼ੁਭ ਸ਼ਗਨ ਤੋਂ ਵਾਂਝੀ ਰਹਿੰਦੀ ਹੈ। ਗੱਲ ਵਿਚ ਪੱਥਰ ਆਦਿ ਦੇ ਮਣਕੇ ਦਾ ਨਜ਼ਰ ਵੱਟੂ ਪਾਇਆ ਜਾਂਦਾ ਹੈ ਤਾਂ ਕਿ ਕਿਸੀ ਦੀ ਉਸ ਨੂੰ ਨਜ਼ਰ ਨਾ ਲੱਗ ਜਾਵੇ। ਬੱਚੇ ਦੇ ਬਿਮਾਰ ਪੈ ਜਾਣ ਤੇ ਉਸਦਾ ਤਿੱਬੀ (ਡਾਟਕਰੀ) ਇਲਾਜ ਕਰਾਉਣ ਦੀ ਥਾਂਉਂ ਮੰਤ੍ਰਾਂ ਜੰਤ੍ਰਾਂ ਵਾਲੇ ਸਿਆਣਿਆਂ ਪਾਸੋਂ ਟੂਣੇ ਟਾਮਣ ਕਰਵਾਏ ਜਾਂਦੇ ਹਨ ਅਤੇ ਜੰਤ੍ਰ ਮੰਤ੍ਰਾਂ ਦੇ ਤਵੀਤ ਚਾਂਦੀ ਆਦਿ ਵਿਚ ਮੜ੍ਹਕੇ ਪਵਾਏ ਜਾਂਦੇ ਹਨ। ਕਿਸੀ ਨਿਆਣੇ ਦੀਆਂ ਅੱਖਾਂ ਦੁਖਣ ਲੱਗ ਜਾਣ ਤਾਂ ਅੱਖਾਂ ਵਿਚ ਯੋਗ ਦਵਾਈ ਪਾਣ ਦੀ ਜਗ੍ਹਾ ਕਿਸੀ ਤੋਂ ਛੋਤ ਝੜਾਈ ਜਾਂਦੀ ਹੈ, ਹੱਥ ਹੌਲੇ ਕਰਾਏ ਜਾਂਦੇ ਹਨ। ਜੇ ਕਿਸੀ ਬੱਚੇ ਦੇ ਮਾਤਾ (ਚੇਚਕ) ਨਿਕਲ ਆਵੇ ਤਾਂ ਡਾਕਟਰੀ ਸਹਾਇਤਾ ਉੱਕੀ ਹੀ ਨਹੀਂ ਲਈ ਜਾਂਦੀ ਬਲਕਿ ਮਾਤਾ ਰਾਣੀ ਪੂਜੀ ਜਾਂਦੀ ਹੈ। ਮਾਤਾ ਰਾਣੀ ਦੇ ਲੰਕੜੀਏ ਗਧਿਆਂ ਨੂੰ ਬਰੂੜ ਖੁਆਏ ਜਾਂਦੇ ਹਨ, ਗੁਲਗੁਲੇ ਵੰਡੇ ਜਾਂਦੇ ਹਨ ਜੋ ਨਿਰੋਲ ਖੰਘ ਦਾ ਘਰ ਹਨ।

"ਤੀਜੈ ਮੁਹੀ ਗਿਰਾਹ ਭੁਖਤਿਖਾ ਦੁਇ ਭਉਕੀਆ॥
ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ॥

(ਮਾਝ ਕੀ ਵਾਰ, ਪੰਨਾ ੧੪੬)

ਬੱਚੇ ਨੂੰ ਨਿੱਕ ਸੁਕ ਖਲਾਈ ਜਾਣਾ ਅਤੇ ਖਾਣ ਪੀਣ ਦਾ ਬੰਧੇਜ ਨਾ ਰੱਖਣ ਕਾਰਨ ਬੱਚਾ ਜੇ ਜ਼ਿਆਦਾ ਬੀਮਾਰ ਹੋ ਜਾਵੇ ਤਾਂ ਡਾਕਟਰਾਂ ਜਾਂ ਵੈਦਾਂ ਪਾਸ ਭੀ ਬੱਚੇ ਦੀ ਮਾਂ ਨੱਠੀ ਭੱਜੀ ਫਿਰਦੀ ਹੈ, ਉਸ ਦੇ ਰਾਜ਼ੀ ਹੋਣ ਲਈ ਦੇਵੀ ਦੀ ਸੁੱਖਣਾ ਨੂੰ ਸੁਖਿਆ ਜਾਂਦਾ ਹੈ। ਦੇਵੀ ਦੇ ਚਾਲ ਜਾ ਕੇ ਮੁੰਡਨ ਸੰਸਕਾਰ (ਕੁਦਰਤੀ ਸੁੰਦਰ ਸ਼ਿੰਗਾਰ ਦੀ ਬੇਅਦਬੀ) ਕੀਤਾ ਜਾਂਦਾ ਹੈ। ਹੈਦਰ ਸ਼ੇਖ ਦੀ ਭੁੰਜੇ ਪੈ ਕੇ ਚੌਂਕੀ ਭਰੀ ਜਾਂਦੀ ਹੈ। ਨਗਾਹੇ ਦਾ ਚਾਰ ਪੰਜ ਇੰਚ ਮੋਟਾ ਮਿੱਠਾ ਰੋਟ ਬਣਾ ਕੇ ਵੰਡਿਆ ਜਾਂਦਾ ਹੈ। ਬਾਬਾ ਵਡਭਾਗ ਸਿੰਘ ਦੇ ਡੇਰੇ ਜਾ ਕੇ ਭੀ ਚੌਂਕੀ ਭਰੀ ਜਾਂਦੀ ਹੈ।

ਕੋਈ ਜੁਆਨ ਲੜਕੀ ਇਖਤਨਾਕੁਲਰਹਮ (Hysteria), ਜਜ਼ਬਾਤੀ ਦਿਮਾਗੀ ਚੱਕਰ (ਬਾਉਗੋਲਾ) ਨਾਲ ਗ੍ਰਸਤ ਹੋ ਜਾਵੇ ਤਾਂ ਉਸ ਨੂੰ ਭੂਤ ਪ੍ਰੇਤ ਚਿਮੜੇ ਹੋਏ ਸਮਝ ਕੇ ਉਸ ਦਾ ਯੋਗ ਇਲਾਜ ਕਰਵਾਣ ਦੀ ਬਜਾਏ ਕਿਸੀ (ਨਾਦਾਨ) ਸਿਆਣੇ ਪਾਸੋਂ ਉਸ ਵਿਚਾਰੀ ਦੇ ਸਿਰ ਵਿਚ



www.AKJ.Org

ਛਿੱਤਰ ਲਗਵਾਏ ਜਾਂਦੇ ਹਨ ਤੇ ਗੰਦੀਆਂ ਚੀਜ਼ਾਂ ਦੀ ਧੂਣੀ ਦੇ ਕੇ ਉਸ ਦੇ ਦਿਮਾਗ ਨੂੰ ਹੋਰ ਭੀ ਖਰਾਬ ਕੀਤਾ ਜਾਂਦਾ ਹੈ। ਉਹ ਡੌਰ ਭੌਰ ਹੋਈ ਹੋਈ ਮਾਰ ਕੁਟਾਈ ਤੋਂ ਬਚਣ ਵਾਸਤੇ ਅਬਾ ਤਬਾ ਬੋਲ ਕੇ ਆਪਣਾ ਖਹਿੜਾ ਛੁਡਾਂਦੀ ਹੈ। ਬਿਚਾਰੀ ਨੂੰ ਇਸ ਬੀਮਾਰੀ ਤੋਂ ਇਸ ਤਰ੍ਹਾਂ ਆਰਾਮ ਕੀ ਔਣਾ ਹੋਇਆ ?

ਸਗੁਨ ਅਪਸਗੁਨ ਤਿਸ ਕਉ ਲਗਹਿ
ਜਿਸੁ ਚੀਤਿ ਨਾ ਆਵੈ।।
ਤਿਸੁ ਜਮੁ ਨੇੜਿ ਨ ਆਵਈ
ਜੋ ਹਰਿ ਪ੍ਰਭ ਭਾਵੈ।। (ਆਸਾ ਮ: ੫, ਪੰਨਾ ੪੦੧)

ਇਸ ਗੁਰਮਤਿ ਤੋਂ ਵਿਪਰੀਤ ਕਈ ਤਰ੍ਹਾਂ ਤੇ ਸਗੁਨ ਅਪਸਗੁਨ ਮੰਨੇ ਜਾਂਦੇ ਹਨ। ਕੁਦਰਤ ਤੇ ਮਾਨਵੀ ਸਰੀਰ ਨੂੰ ਠੀਕ ਸੰਚਾਲਤ ਰੱਖਣ ਵਾਸਤੇ ਉਬਾਸੀ, ਹਵਾ ਸਰਕਨਾ, ਛਿੱਕਾਂ ਆਦਿ ਦਾ ਪ੍ਰਬੰਧ ਕੀਤਾ ਹੋਇਆ ਹੈ। ਪਰ ਇਹ ਫੋਕਟ ਕਰਮਾਂ ਦੇ ਪ੍ਰਚਾਰਕ ਘਰੋਂ ਤੁਰਨ ਵੇਲੇ, ਕੋਈ ਕਾਰਜ ਆਰੰਭਨ ਵੇਲੇ, ਕਿਸੀ ਨੂੰ ਆਕਾਲ ਪ੍ਰਬੰਧ ਦੁਆਰਾ ਛਿੱਕਿਆ ਸੁਣ ਲਵੇ (ਕਿਸੀ ਦੀ ਛਿੱਕ ਦੂਰ ਨੇੜਿਓਂ ਕੰਨੀ ਪੈ ਜਾਵੇ) ਤਾਂ ਅਪਸਗੁਨ ਮੰਨਦੇ ਹਨ। ਵਿਆਹ ਸ਼ਾਦੀਆਂ ਵੇਲੇ ਤਿਥਾਂ ਵਾਰਾਂ ਦਾ ਸਗੁਨ ਅਪਸਗੁਨ ਮੰਨਿਆਂ ਜਾਂਦਾ ਹੈ।

ਅਠਰਾਹ ਇਕ ਬਿਮਾਰੀ ਹੈ ਜੋ ਆਤਸ਼ਕ ਦੇ ਮਾਦੇ ਕਾਰਨ ਹੁੰਦੀ ਹੈ। ਇਸ ਬਿਮਾਰੀ ਦੇ ਕਾਰਨ ਬੱਚੇ ਪੈਦਾ ਹੋ ਕੇ ਕੁਝ ਅਰਸੇ ਅੰਦਰ ਮਰਦੇ ਰਹਿੰਦੇ ਹਨ। ਆਤਸ਼ਕੀ ਮਾਦੇ ਦਾ ਜੇ ਠੀਕ ਇਲਾਜ ਹੋ ਜਾਵੇ ਤਾਂ ਅਠਰਾਹ ਦੀ ਬਿਮਾਰੀ ਦੂਰ ਹੋ ਸਕਦੀ ਹੈ। ਪਰ ਇਧਰ ਕੋਈ ਧਿਆਨ ਹੀ ਨਹੀਂ ਦਿੰਦਾ।

ਮਨਮੁਖਿ ਭੂਲੀ ਬਹੁਤੀ ਰਾਹੀ
ਫਾਥੀ ਮਾਇਆ ਫੰਦੇ।। (ਸੂਹੀ ਛੰਤ ਮ:੫,ਪੰਨਾ ੭੭੯)

ਹੋਰ ਤਾਂ ਹੋਰ ਜਾਨਵਰਾਂ ਦੀਆਂ ਕੁਦਰਤੀ ਹਰਕਤਾਂ ਦਾ ਭੀ ਸਗੁਨ ਅਪਸਗੁਨ ਮੰਨਿਆ ਜਾਂਦਾ ਹੈ। ਕੋਈ ਕੁੱਤਾ, ਮੱਖੀਆਂ ਜਾਂ ਚਿਚੜਾਂ ਦਾ ਸਤਾਇਆ ਹੋਇਆ ਕਿਸੀ ਮਨੁੱਖ ਦੇ ਜੁੱਤੀ ਪਾਉਣ ਵੇਲੇ ਕੰਨਾਂ ਨੂੰ ਫੜਫੜਾਵੇ ਤਾਂ ਝੱਟ ਬਾਹਰ ਜਾਣਾ ਮੁਲਤਵੀ ਕੀਤਾ ਜਾਂਦਾ ਹੈ। ਕੁੱਤੇ ਰਾਤਾਂ ਨੂੰ ਭੌਂਕਣ ਤਾਂ ਪਿੰਡ ਵਿਚ ਭੂਤ ਤੇ ਖਰਾਬ ਰੂਹਾਂ ਘੁੰਮਦੀਆਂ ਫਿਰਦੀਆਂ ਸਮਝੀਆਂ ਜਾਂਦੀਆ ਹਨ। ਕਿਰਲੀ ਉੱਪਰ ਗਿਰ ਪਵੇ ਤਾਂ ਬਦਕਿਸਮਤੀ ਸਮਝੀ ਜਾਂਦੀ ਹੈ। ਤਿੱਤਰ ਰਸਤੇ ਚਲਦਿਆਂ ਬੋਲੇ ਤਾਂ ਕਈ ਅਟਕਲ ਲਗਾਏ ਜਾਂਦੇ ਹਨ। ਉਲੂਆਂ ਦਾ ਘਰਾਂ ਉੱਤੇ ਰਾਤਾਂ ਨੂੰ ਬੋਲਣਾ ਮਨਹੂਸ ਸਮਝਿਆ ਜਾਂਦਾ ਹੈ। ਕਾਂ ਕੋਈ ਖਾਣ ਦੀ ਚੀਜ਼ ਵੇਖ ਕੇ ਕੋਠੇ ਦੇ ਬਨੇਰੇ ਉੱਤੇ ਆ ਕੇ ਬੋਲੇ ਤਾਂ ਕੋਈ ਪ੍ਰਾਹੁਣਾ ਆਏਗਾ ਸਮਝਿਆ ਜਾਂਦਾ ਹੈ। ਹੁਣ ਤਾਂ ਲੋਕਾਂ ਨੂੰ ਕੁਰਾਹੇ ਪਾਉਣ ਲਈ ਕਊਆ ਸ਼ਾਸ਼ਤਰ, ਉੱਲੂ ਸ਼ਾਸ਼ਤਰ ਆਦਿ ਪ੍ਰਕਾਸ਼ ਧਰੇ ਹਨ। ਇਨ੍ਹਾਂ ਫੋਕਟ ਕਰਮਾਂ ਨੂੰ ਕਿਥੋਂ ਤੱਕ ਗਿਣੀਏ ? ਲੋਕਾਂ ਨੂੰ ਕੁਰਾਹੇ ਪਾ ਕੇ ਠੱਗਣ ਦਾ ਬੇਅੰਤ ਤ੍ਰੀਕਿਆਂ ਨਾਲ ਪ੍ਰਚਾਰ ਹੋ ਰਹਿਆ ਹੈ।

ਵਿਆਹਾਂ ਸ਼ਾਦੀਆਂ ਮਰਗਾਂ ਵਾਰੇ ਵੀ ਅਨੇਕ ਫੋਕਟ ਕਰਮ ਜਨਤਾ ਅੰਦਰ ਪ੍ਰਚਾਰੇ ਹੋਏ ਹਨ। ਸਤਿਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਅਜੇਹੇ ਫੋਕਟ ਕਰਮਾਂ ਦਾ (ਜਿਨ੍ਹਾਂ ਨੂੰ ਜਨਤਾ ਦੇ ਵਿਦਵਾਨ ਪਰਮ ਧਰਮ ਕਰਕੇ ਪ੍ਰਚਾਰ ਰਹੇ ਸਨ) ਪੋਲ ਖੋਲਣਾ ਆਰੰਭ ਕੀਤਾ। ਆਪ ਜੀ ਨੇ ਧਾਗੇ ਦਾ ਜਨੇਊ ਪੌਣੋਂ ਨਾਂਹ ਕਰਕੇ ਸੱਚੇ ਜਨੇਊ ਦੀ ਮੰਗ ਕੀਤੀ ਅਤੇ ਸੱਚੇ ਜਨੇਊ ਬਾਰੇ ਫੁਰਮਾਇਆ ਕਿ ਸੱਚਾ ਜਨੇਊ ਕਦੇ ਟੁੱਟਦਾ ਹੀ ਨਹੀਂ, ਇਹ ਧਾਗੇ ਦਾ ਐਵੇਂ ਟੁੱਟ ਜਾਂਦਾ ਹੈ ਕਿਸੀ ਅਰਥ ਭੀ ਨਹੀਂ ਔਂਦਾ। ਆਪ ਦਾ ਫੁਰਮਾਨ ਹੈ ਕਿ

"ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ।।
ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ।।
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ।।
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ।।
ਮ:੧। ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ।।
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ।।"
(ਆਸਾ ਕੀ ਵਾਰ, ਪੰਨਾ ੪੭੧)

ਇਸੀ ਤਰ੍ਹਾਂ ਆਪ ਜੀ ਨੇ ਦਿਖਾਵੇ ਦੀ ਨਿਮਾਜ਼ ਦੀ ਜਗਾ ਸੱਚੀ ਨਮਾਜ਼ ਮੁਸਲਮਾਨਾਂ ਦੇ ਗੜ੍ਹ, ਸੁਲਤਾਨ ਪੁਰ ਦੀ ਮਸਜਿਦ ਅੰਦਰ ਜਾ ਕੇ ਪ੍ਰਚਾਰੀ ਸੀ। ਫੁਰਮਾਇਆ ਸੀ ਕਿ

"ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।।
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।।
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।।
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।।
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ।।੩।।"
(ਵਾਰ ਮਾਝ, ਪੰਨਾ ੧੪੧)

ਹਿੰਦੂਆਂ ਦੀ ਦੇਵਤਿਆਂ ਅਵਤਾਰਾਂ ਲਈ ਉਤਾਰੀ ਜਾਂਦੀ ਆਰਤੀ ਦਾ ਨਿਰੰਤਰ ਹੋਰ ਹੀ ਆਰਤੀ ਦਾ ਸਤਿਗੁਰੂ ਜੀ ਨੇ ਇਸ ਤਰ੍ਹਾਂ ਪ੍ਰਕਾਸ਼ ਕਰਕੇ ਖੰਡਨ ਕੀਤਾ ਕਿ

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।। ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।੧।।



www.AKJ.Org

ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥ਰਹਾਉ॥"

(ਧਨਾਸਰੀ ਮ: ੧, ਪੰਨਾ ੬੬੩)

ਸਤਿਗੁਰੂ ਨਾਨਕ ਦੇਵ ਜੀ ਤਾਂ ਏਥੋਂ ਤੱਕ ਕਥਨ ਕਰ ਗਏ ਹਨ ਕਿ ਜੇਹੜੇ ਪੰਡਿਤ ਵੇਦ ਪੜ੍ਹਦੇ, ਗਇਤ੍ਰੀ ਸੰਧਿਆ ਕਰਦੇ ਹਨ, ਮੱਥਿਆ ਉੱਤੇ ਲੰਬੇ ਚੌੜੇ ਤਿਲਕ ਲਗਾਂਦੇ ਹਨ ਪਰ ਮੂੰਹ ਤੋਂ ਝੂਠ ਬੋਲਦੇ ਅਤੇ ਲੋਕਾਂ ਨੂੰ ਠੱਗਦੇ ਹਨ ਅਤੇ ਇਸ ਤਰ੍ਹਾਂ ਦੇ ਪਰਪੰਚ ਰਚ ਕੇ ਲੋਕਾਂ ਨੂੰ ਧੋਖਾ ਦਿੰਦੇ ਹਨ ਉਹ ਇਸ ਤਰ੍ਹਾਂ ਫੋਕਟ ਕਰਮ ਹੀ ਕਰਦੇ ਹਨ। ਆਪ ਦਾ ਫੁਰਮਾਨ ਹੈ :-

ਪੜਿ ਪੁਸਤਕ ਸੰਧਿਆ ਬਾਦੰ॥
ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਣ ਸਾਰੰ॥
ਤ੍ਰੈਪਾਲ ਤਿਹਾਲ ਬਿਚਾਰੰ॥
ਗਲਿ ਮਾਲਾ ਤਿਲਕੁ ਲਿਲਾਟੰ॥
ਦੁਇ ਧੋਤੀ ਬਸਤ੍ਰ ਕਪਾਟੰ॥
ਜੇ ਜਾਣਸਿ ਬ੍ਰਹਮੰ ਕਰਮੰ॥
ਸਭਿ ਫੋਕਟ ਨਿਸਚਉ ਕਰਮੰ॥
ਕਹੁ ਨਾਨਕ ਨਿਹਚਉ ਧਿਆਵੈ॥
ਵਿਣੁ ਸਤਿਗੁਰ ਵਾਟ ਨ ਪਾਵੈ॥

(ਆਸਾ ਕੀ ਵਾਰ, ਪੰਨਾ ੪੭੦)

ਗੱਲ ਕੀ ਗੁਰਮਤਿ ਅੰਦਰ ਹਿੰਦੂ ਵਿਦਵਾਨਾਂ ਦੇ ਪ੍ਰਚਾਰੇ ਕਰਮ ਕਾਂਡ ਉਤੇ ਗੁਰਮਤਿ ਕਿੰਤੂ ਹੈ ਜਿਵੇਂ :

(ੳ) ਹੋਮ ਜਗ ਵਾਰੇ :- ਹਿੰਦੂ ਵਿਦਵਾਨ ਅਗਨੀ ਨੂੰ ਦੇਵਤਿਆਂ ਦੀ ਰਸਨਾਂ ਮੰਨਕੇ ਹੋਮ ਜੱਗ ਆਦਿ ਕਰਾਂਦੇ ਹਨ। ਇਸ ਤਰ੍ਹਾਂ ਲੋਕ ਪ੍ਰਲੋਕ ਦੇ ਸੁਖਾਂ ਦਾ ਸਾਧਨ ਮੰਨਦੇ ਹਨ। ਗੁਰਮਤਿ ਵਿਚ ਇਹ ਅਗਿਆਨ-ਕਰਮ ਮੰਨੇ ਜਾਂਦੇ ਹਨ :-

ਹੋਮ ਜਗ ਸਭਿ ਤੀਰਥਾ ਪੜ੍ਹਿ
ਪੰਡਿਤ ਥਕੇ ਪੁਰਾਣ॥
ਬਿਖੁ ਮਾਇਆ ਮੋਹੁ ਨ ਮਿਟਈ
ਵਿਚਿ ਹਉਮੈ ਆਵਣੁ ਜਾਣੁ॥

(ਸਲੋਕ ਵਾਕਾਂ ਤੋਂ ਵਧੀਕ ਮ: ੩, ਪੰਨਾ ੧੪੧੭)

(ਅ) ਸ੍ਰਾਧ :- ਮਰੇ ਹੋਏ ਪਿਤਰਾਂ ਨੂੰ ਸੁਖੀ ਰੱਖਣ ਵਾਸਤੇ ਅੰਨ ਬਸਤ੍ਰ ਆਦਿਕ ਬ੍ਰਾਹਮਣਾਂ ਨੂੰ ਦਿੱਤਾ ਜਾਂਦਾ ਹੈ, ਇਸਨੂੰ ਸ੍ਰਾਧ ਆਖਦੇ ਹਨ। ਗੁਰਮਤਿ ਸਮਝਾਂਦੀ ਹੈ ਕਿ-

ਗਿਆਨੀ ਹੋਇ ਸੁ ਚੇਤੰਨੁ ਹੋਇ
ਅਗਿਆਨੀ ਅੰਧੁ ਕਮਾਇ॥
ਨਾਨਕ ਏਥੈ ਕਮਾਵੈ ਸੋ ਮਿਲੈ
ਅਗੈ ਪਾਏ ਜਾਇ॥੧॥

(ਸਲੋਕ ਮ: ੩, ਬਿਹਾਗੜੇ ਕੀ ਵਾਰ, ਪੰਨਾ ੫੫੬)

ਮਨੁੱਖ ਨੂੰ ਆਪਣੇ ਕੀਤੇ ਕਰਮਾਂ ਦਾ ਹੀ ਫ਼ਲ ਮਿਲਦਾ ਹੈ।

(ੲ) ੧. ਜਪ ਤਪ ਬਰਤ ਨੇਮ ਆਦਿ ਵਾਰੇ :-

ਹਰਿ ਬਿਨੁ ਅਵਰ ਕ੍ਰਿਆ ਬਿਰਥੇ॥
ਜਪ ਤਪ ਸੰਜਮ ਕਰਮ ਕਮਾਵਣੇ
ਇਹਿ ਓਰੈ ਮੂਸੇ॥੧॥ ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ
ਤਿਨ ਕਾ ਆਢੁ ਨ ਪਾਇਆ॥
ਆਗੈ ਚਲਣੁ ਅਉਰੁ ਹੈ ਭਾਈ
ਊਂਹਾ ਕਾਮਿ ਨ ਆਇਆ॥੧॥
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ
ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹ ਬਿਧਿ
ਓਹੁ ਲੋਗਨ ਹੀ ਪਤੀਆਵੈ॥੨॥

(ਗਉੜੀ ਮਾਲਾ ਮ: ੫, ਪੰਨਾ ੨੧੬)

੨. ਗੁਰਬਾਣੀ ਅੰਦਰ ਅੰਨ ਤਿਆਗ ਦਾ ਨਿਸ਼ੇਧ ਹੈ।

ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥
ਬਿਨੁ ਗੁਰ ਗਿਆਨ ਤ੍ਰਿਪਤਿ ਥੀਜੈ॥

(ਰਾਮਕਲੀ ਅਸ਼ਟ: ਮ: ੧, ਪੰਨਾ ੯੦੫)

(ਸ) ਇਸ ਤਰ੍ਹਾਂ ਦੇ ਕਰਮ ਕਾਂਡ ਨੂੰ ਗੁਰਮਤਿ ਵਿਚ ਖੰਡਨ ਕੀਤਾ ਹੈ :-

ਕਰਮ ਕਾਂਡ ਬਹੁ ਕਰਹਿ ਅਚਾਰ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥੩॥
ਬੰਧਨਿ ਬਾਧਿਓ ਮਾਇਆ ਫਾਸ॥
ਜਨ ਨਾਨਕ ਛੂਟੇ ਗੁਰ ਪਰਗਾਸ॥੪॥

(ਗਉੜੀ ਗੁਆਰੇਰੀ ਮ: ੩, ਪੰਨਾ ੧੬੨)

(ਹ) ਮੂਰਤੀ ਪੂਜਾ :- ਹਿੰਦੂ, ਜੜ੍ਹ ਅਥਵਾ ਚੇਤੰਨ ਸ੍ਰਿਸ਼ਟੀ ਨੂੰ ਅਕਾਲ ਪੁਰਖ ਸਮਾਨ ਮੰਨਦੇ ਪੂਜਦੇ ਹਨ। ਗੁਰਮਤਿ ਵਿਚ ਇਸ ਦਾ ਖੰਡਨ ਹੈ। ਜਿਵੇਂ :-

੧. ਪੂਜਿ ਸਿਲਾ ਤੀਰਥ ਬਨ ਵਾਸਾ॥
ਭਰਮਤ ਡੋਲਤ ਭਏ ਉਦਾਸਾ॥
ਮਨਿ ਮੈਲੈ ਸੂਚਾ ਕਿਉ ਹੋਇ॥
ਸਾਚਿ ਮਿਲੈ ਪਾਵੈ ਪਤਿ ਸੋਇ॥੬॥

(ਧਨਾਸਰੀ ਮ: ੧ ਅਸਟ: ਪੰਨਾ ੬੮੬)

੨. ਕਾਹੇ ਕੋ ਪੂਜਤ ਪਾਹਨ ਕੋ, ਕਛੁ
ਪਾਹਨ ਮੈਂ ਪਰਮੇਸਰੁ ਨਾਹੀ॥



www.AKJ.Org

ਤਾਹੀ ਕੋ ਪੂਜ ਪ੍ਰਭੂ ਕਰਕੈ ਜਿੰਹ
ਪੂਜਤ ਹੀ ਅਘ ਓਘ ਮਿਟਾਹੀ।।

(ਤੇਤੀ ਸਵੈਯੇ, ਪਾ: ੧੦)

(ਕ) ਜੰਤ੍ਰ ਮੰਤ੍ਰ ਤੰਤਰ :- ਹਿੰਦੂ, ਮੁਸਲਮਾਨ, ਸਾਰੀ ਲੁਕਾਈ ਇਨ੍ਹਾਂ ਜੰਤ੍ਰਾਂ ਮੰਤ੍ਰਾਂ ਮਗਰ ਲੱਗੀ ਹੋਈ ਹੈ। ਵਾਸਤਵ ਵਿਚ ਜੰਤ੍ਰ ਦਾ ਅਰਥ ਕਲ (ਮਸ਼ੀਨ) ਹੈ ਅਤੇ ਮੰਤ੍ਰ ਦਾ ਅਰਥ ਨੇਕ ਸਲਾਹ (ਮਸ਼ਵਰਾ) ਹੈ ਅਤੇ ਤੰਤ੍ਰ ਦਾ ਅਰਥ ਪਦਾਰਥਾਂ ਦਾ ਮਿਲਾਪ ਹੈ। ਪਰ ਧਰਮ ਦੇ ਰਾਖਿਆਂ, ਅਗਿਆਨੀਆਂ ਨੇ ਪਿੱਪਲ, ਕਾਗਜ਼ ਆਦਿ ਉੱਤੇ ਲੇਖ ਦਾ ਨਾਉਂ ਤੰਤ੍ਰ ਪ੍ਰਚਾਰ ਰਖਿਆ ਹੈ। ਕਈ ਤਾਂ ਮੰਤ੍ਰਾਂ ਨੂੰ ਆਧੀ ਵਿਆਧੀ ਉਪਾਧੀ ਦੀ ਰੱਖਿਆ ਤੋਂ ਕਵਚ ਬਣਾ ਕੇ ਪਹਿਨਦੇ ਹਨ ਅਤੇ ਕਹਿੰਦੇ ਹਨ ਕਿ ਜਿਸ ਤਰ੍ਹਾਂ ਸ਼ਸ਼ਤ੍ਰ ਅਸ਼ਤ੍ਰ ਤੋਂ ਸੰਜੋਆ ਰਖਿਆ ਕਰਦਾ ਹੈ ਇਹ ਮੰਤ੍ਰ ਭੀ ਮਨੁੱਖ ਦੀ ਰਖਿਆ ਕਰਦੇ ਹਨ। ਗੁਰਮਤਿ ਅੰਦਰ ਜੰਤ੍ਰਾਂ ਮੰਤ੍ਰਾਂ ਤੰਤ੍ਰਾਂ ਦਾ ਖੰਡਨ ਕੀਤਾ ਗਿਆ ਹੈ।

੧. ਤੰਤੁ ਮੰਤੁ ਪਾਖੰਡੁ ਨ ਜਾਣਾ
ਰਾਮੁ ਰਿਦੈ ਮਨੁ ਮਾਨਿਆ।।

(ਸੂਹੀ ਛੰਤ ਮ: ੧, ਪੰਨਾ ੭੬੬)

੨. ਕਾਮਣਿਆਰੀ ਕਾਮਣ ਪਾਏ
ਬਹੁ ਰੰਗੀ ਗਲਿ ਤਾਗਾ।।
ਹੋਛੀ ਮਤਿ ਭਇਆ ਮਨੁ ਹੋਛਾ
ਗੁੜੁ ਸਾ ਮਖੀ ਖਾਇਆ।।

(ਵਡਹੰਸੁ ਮ: ੧ ਛੰਤ, ਪੰਨਾ ੫੮੨)

੩. ਨਾ ਜੰਤ੍ਰ ਮੈ, ਨਾ ਤੰਤ੍ਰ ਮੈ, ਨ ਮੰਤ੍ਰ ਬਸਿ ਆਵਈ।।

(ਅਕਾਲ ਉਸਤਤਿ, ੧੫੫)

(ਖ) ਜਾਨਵਰਾਂ ਦਾ ਬਲੀਦਾਨ (ਕੁਰਬਾਨੀ) :- ਵੇਦਾਂ ਕਤੇਬਾਂ ਨੂੰ ਮੰਨਣ ਵਾਲੇ ਆਪਣੇ ਸੁਆਰਥ ਸਿੱਧੀ ਲਈ ਆਪਣੇ ਦੇਵੀ ਦੇਵਤਿਆਂ, ਖੁਦਾ ਨੂੰ ਜਾਨਵਰਾਂ ਦੀ ਬਲੀ (ਕੁਰਬਾਨੀ) ਦਿੰਦੇ ਹਨ। ਗੁਰਮਤਿ ਅੰਦਰ ਆਪਾ ਭਾਵ ਤਿਆਗ ਕੇ ਤਨ ਮਨ ਧਨ ਨਾਲ ਜੰਤਕ ਸੇਵਾ ਕਰਨੀ ਅਸਲੀ ਤੇ ਉਤਮ ਕੁਰਬਾਨੀ ਮੰਨੀ ਹੈ :-

ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ
ਬਹੁ ਸਰਧਾ ਲਾਇ ਮੁਖਿ ਧੂੜਾ।।
ਹਲਤਿ ਪਲਤਿ ਹਰਿ ਸੋਭਾ ਪਾਵਹਿ
ਹਰਿ ਰੰਗੁ ਲਗਾ ਮਨਿ ਗੂੜਾ।।੩।।

(ਜੈਤਸਰੀ ਮ: ੪, ਪੰਨਾ ੬੯੮)

(ਗ) ਗ੍ਰਹਿ :- ਕਈ ਮਨੁੱਖ ਜੋਤਸ਼ੀਆਂ ਪਾਸੋਂ ਆਪਣੇ ਹੱਥ ਵਖਾਕੇ ਗ੍ਰਹਿਆਂ ਦੇ ਸ਼ੁਭ ਅਸ਼ੁਭ ਦਾ ਫਲ ਪੁੱਛਕੇ ਦੁੱਖ ਕਲੇਸ਼ ਦੀ ਨਵਿਰਤੀ ਲਈ ਉਪਾਉ ਪੁੱਛਦੇ ਹਨ। ਇਹ ਸਭ ਫੋਕਟ ਭਰਮ ਹਨ। ਗੁਰਸਿੱਖ ਤਾਂ ਗੁਰਮਤਿ ਅਨੁਸਾਰ ਹਰਿ ਕੀਰਤਨ ਵਿਚ ਮਸਤ, ਕਿਸੀ ਪ੍ਰਕਾਰ ਦੇ ਗ੍ਰਹਿ ਆਦਿ ਨਹੀਂ ਮੰਨਦੇ।

ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ।।
ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ।।੧।।

(ਆਸਾ ਮ: ੫, ਪੰਨਾ ੪੦੦)।

ਗੁਰਮਤਿ ਅੰਦਰ ਤਾਂ ਹਿੰਦੂਆ ਦੇ ਕਰਮਕਾਂਡ, ਮੁਸਲਮਾਨਾਂ ਦੀ ਸ਼ਰਾ ਸ਼ਰੀਅਤ, ਸਭ ਫੋਕਟ ਕਰਮ ਮੰਨੇ ਹਨ :-

੧. ਕਰਮ ਕਾਂਡ ਬਹੁ ਕਰਹਿ ਅਚਾਰ।।
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ।।੩।।
ਬੰਧਨਿ ਬਾਧਿਓ ਮਾਇਆ ਫਾਸ।।
ਜਨ ਨਾਨਕ ਛੂਟੈ ਗੁਰ ਪਰਗਾਸ।।੪।।

(ਗਉੜੀ ਗੁਆਰੇਰੀ ਮ: ੩, ਪੰਨਾ ੧੬੨)

੨. ਰਾਮ ਨਾਮ ਗੁਨ ਗਾਇ ਪੰਡਿਤ।।
ਕਰਮ ਕਾਂਡ ਅਹੰਕਾਰੁ
ਨ ਕਾਜੈ, ਕੁਸਲ ਸੇਤੀ
ਘਰਿ ਜਾਹਿ ਪੰਡਿਤ।।੧।। ਰਹਾਉ।।

(ਰਾਮਕਲੀ ਮ: ੫-੨੮ ਪੰਨਾ ੮੯੧)

੩. ਕਾਹੂ ਲੈ ਪਾਹਨ ਪੂਜ ਧਰਯੋ ਸਿਰ
ਕਾਹੂ ਲੈ ਲਿੰਗ ਗਰੇ ਲਟਕਾਇਓ।।
ਕਾਹੂ ਲਖਯੋ ਹਰਿ ਅਵਾਚੀ ਦਿਸਾ ਮਹਿ
ਕਾਹੂ ਪਛਾਹ ਕੋ ਸੀਸ ਨਿਵਾਇਓ।।
ਕੋਊ ਬੁਤਾਨ ਕੋ ਪੂਜਤ ਹੈ ਪਸੁ
ਕੋਊ ਮ੍ਰਿਤਾਨ ਕੋ ਪੂਜਨ ਧਾਇਓ।।
ਕੂਰ ਕ੍ਰਿਆ ਉਰਝਿਯੋ ਸਭਹੀ ਜਗ
ਸ੍ਰੀ ਭਗਵਾਨ ਕੋ ਭੇਦ ਨ ਪਾਇਓ।।੧੦।।

(ਤ੍ਵ ਪ੍ਰਸਾਦਿ ਸ੍ਵੈਯੇ, ਪਾ: ੧੦)

❖❖❖❖❖

## ਤੈਂ ਕੱਟਣੇ ਸੰਕਟ ਸਾਰੇ

ਪੰਜ ਕਕਾਰੀ ਰਹਿਤ ਮਰਿਆਦਾ,
ਬਖ਼ਸ਼ੀ ਬਖ਼ਸ਼ਣਹਾਰੇ।
ਸਿਲ ਅਲੂਣੀ ਚੱਟਣੀ ਪੈਂਦੀ,
ਪੈਂਡੇ ਸਗਲੇ ਭਾਰੇ।
ਵੈਦਾਂ ਵੈਦ ਸਤਿਗੁਰ ਮੇਰਾ,
ਦੁੱਖ ਅਵੱਲੇ ਹਰਦਾ 'ਤੇਗ'।
ਨਦਰਿ ਕਰਮ ਉਡੀਕ ਰਿਹਾ ਹਾਂ,
ਤੈਂ ਕੱਟਣੇ ਸੰਕਟ ਸਾਰੇ।



www.AKJ.Org

# ਗੁਰੂ ਚਰਨਾਂ ਵਿੱਚ ਅਰਦਾਸ

(ਭਾਈ ਸੇਵਾ ਸਿੰਘ, ਰਾਮਪੁਰ ਖੇੜਾ)

ਸ: ਪਿਆਰਾ ਸਿੰਘ ਬ੍ਰਿਟਿਸ਼ ਆਰਮੀ ਆਰਟਿਲਰੀ ਯੂਨਿਟ ਵਿਚ ਸੈਕਿੰਡ ਲੈਫਟੀਨੈਂਟ ਚੁਣਿਆ ਗਿਆ ਸੀ। ਸੈਕਿੰਡ ਲੈਫਟੀਨੈਂਟ ਦੇ ਅਹੁਦੇ ਤੇ ਕਮਿਸ਼ਨ ਦੇਣ ਤੋਂ ਪਹਿਲੇ ਇਸ ਦਾ ਮੈਡੀਕਲ ਚੈੱਕ-ਅੱਪ ਹੋਇਆ। ਅੱਖਾਂ ਦੇ ਸਪੈਸ਼ਲਿਸਟ ਡਾਕਟਰ, ਕਰਨਲ ਵਾਸੂ ਨੇ ਅੱਖਾਂ ਦੇ ਟੈਸਟ ਵਿੱਚੋਂ ਨਿਗਾਹ ਘੱਟ ਹੋਣ ਕਾਰਣ ਇਸ ਨੂੰ ਫੇਲ੍ਹ ਕਰ ਦਿੱਤਾ ਜਿਸ ਕਾਰਣ ਪਿਆਰਾ ਸਿੰਘ ਨੂੰ ਸੈਕਿੰਡ ਲੈਫਟੀਨੈਂਟ ਦੀ ਥਾਂ ਸਿਪਾਹੀ ਰੈਂਕ ਵਿਚ ਰੱਖਿਆ ਗਿਆ। ਦੋ ਸਾਲ ਵਿਚ ਉਹ ਹਵਾਲਦਾਰ ਬਣ ਗਿਆ ਅਤੇ ਬਦਲੀ ਲਾਹੌਰ ਛਾਉਣੀ ਦੀ ਹੋ ਗਈ। ਸ: ਪਿਆਰਾ ਸਿੰਘ ਜਦੋਂ ਸ: ਵਧਾਵਾ ਸਿੰਘ ਜੀ ਨੂੰ ਮਿਲੇ ਤਾਂ ਪਿਆਰਾ ਸਿੰਘ ਨੇ ਪੁੱਛਣਾ ਕੀਤਾ ਕਿ ਕੀ ਅਵਤਾਰ ਸਿੰਘ ਅਜੇ ਜ਼ਿੰਦਾ ਹੈ ? ਤਾਂ ਉਸ ਦੇ ਉੱਤਰ ਵਿਚ ਵਧਾਵਾ ਸਿੰਘ ਜੀ ਨੇ ਉਸ ਨੂੰ ਕਿਹਾ ਕਿ ਉਹ ਤਾਂ ਗੁਰਬਾਣੀ ਦੀ ਪਾਰਸ-ਕਲਾ ਨਾਲ ਅਰੋਗ ਹੋ ਚੁੱਕਾ ਹੈ ਅਤੇ ਸਾਰੇ ਕੰਮ-ਕਾਰ ਵਿਚ ਪੂਰਾ ਹਿੱਸਾ ਲੈਂਦਾ ਹੈ। ਸ: ਪਿਆਰਾ ਸਿੰਘ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਅਤੇ ਸ: ਅਵਤਾਰ ਸਿੰਘ ਨੂੰ ਮਿਲਣ ਦੋਵੇਂ ਲਾਹੌਰ ਤੋਂ ਚੱਲ ਕੇ 119 ਜਨੂਬੀ ਚੱਕ, ਜ਼ਿਲ੍ਹਾ ਸਰਗੋਧਾ ਸ: ਅਵਤਾਰ ਸਿੰਘ ਪਾਸ ਪੁੱਜ ਗਏ। ਸੁੱਖ-ਸਾਂਦ ਸਾਂਝੀ ਕਰਨ ਉਪਰੰਤ ਸ: ਅਵਤਾਰ ਸਿੰਘ ਨੇ ਆਪਣੀ ਜ਼ਬਾਨੀ ਸਾਰੀ ਹੱਡ-ਬੀਤੀ ਦੱਸੀ। ਤਿੰਨਾਂ ਨੇ ਸਲਾਹ ਕੀਤੀ ਕਿ ਪਿਆਰਾ ਸਿੰਘ ਦੀਆਂ ਅੱਖਾਂ ਦੀ ਨਜ਼ਰ ਵਾਸਤੇ ਵੀ ਬਾਬਾ ਜੀ ਨੂੰ ਬੇਨਤੀ ਕੀਤੀ ਜਾਵੇ। ਇਹ ਸਲਾਹ ਬਣਾ ਕੇ ਤਿੰਨੋਂ ਬਾਬਾ ਹਰਨਾਮ ਸਿੰਘ ਜੀ ਦੇ ਘਰ ਗਏ। ਸ: ਵਧਾਵਾ ਸਿੰਘ ਅਤੇ ਸ: ਅਵਤਾਰ ਸਿੰਘ ਨੇ ਬਾਬਾ ਜੀ ਨੂੰ ਪਿਆਰਾ ਸਿੰਘ ਪ੍ਰਥਾਇ ਵਿਸਥਾਰ ਨਾਲ ਦੱਸਿਆ ਅਤੇ ਨਾਲ ਹੀ ਬੇਨਤੀ ਕੀਤੀ ਕਿ ਇਸਦਾ ਦੁਬਾਰਾ ਮੈਡੀਕਲ ਕਰਨ ਲਈ ਦਰਖ਼ਾਸਤ ਮਨਜ਼ੂਰ ਹੋ ਗਈ ਹੈ ਅਤੇ ਪਿਆਰਾ ਸਿੰਘ ਦਾ ਮੈਡੀਕਲ ਦੁਬਾਰਾ ਬੋਰਡ ਕਰੇਗਾ। ਜੇ ਬੋਰਡ ਇਸ ਨੂੰ ਪਾਸ ਕਰ ਦੇਵੇ ਤਾਂ ਫਿਰ ਪਹਿਲੇ ਸੈਕਿੰਡ ਲੈਫਟੀਨੈਂਟ ਰੈਂਕ ਤੇ ਨਿਯੁਕਤੀ ਹੋ ਜਾਵੇਗੀ। ਆਪ ਜੀ ਕ੍ਰਿਪਾ ਕਰਕੇ ਇਸ ਨੂੰ ਅਸ਼ੀਰਵਾਦ ਬਖ਼ਸ਼ਿਸ਼ ਕਰੋ।

ਸਾਰਾ ਵਿਸਥਾਰ ਸੁਣ ਕੇ ਬਾਬਾ ਜੀ ਨੇ ਉੱਤਰ ਦਿੱਤਾ ਕਿ ਸਤਿਗੁਰੂ ਜੀ ਆਪ ਕਰਣਕਾਰਣ ਸਮਰੱਥ ਹਨ। ਕੱਲ੍ਹ ਸਵੇਰੇ ਤੁਸੀਂ ਪ੍ਰਸ਼ਾਦ ਲੈ ਕੇ 7 ਵਜੇ ਗੁਰਦੁਆਰਾ ਸਾਹਿਬ ਆ ਜਾਣਾ। ਸਤਿਗੁਰੂ ਮਹਾਰਾਜ ਜੀ ਹੀ ਬਖ਼ਸ਼ਿਸ਼ ਕਰਨ ਸਮਰੱਥ ਹਨ।

ਅਗਲੇ ਦਿਨ ਸਵੇਰੇ ਨੀਯਤ ਸਮੇਂ ਅਨੁਸਾਰ ਤਿੰਨੋਂ ਗੁਰਦੁਆਰਾ ਸਾਹਿਬ ਪੁੱਜ ਗਏ। ਬਾਬਾ ਜੀ ਵੀ ਹਰ ਰੋਜ਼ ਦੀ ਤਰ੍ਹਾਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਗੁਰਦੁਆਰਾ ਸਾਹਿਬ ਆ ਪੁੱਜੇ। ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨ ਉਪਰੰਤ ਬਾਬਾ ਜੀ ਨੇ ਪਿਆਰਾ ਸਿੰਘ ਲਈ ਗੁਰੂ-ਚਰਨਾਂ ਵਿਚ ਅਰਦਾਸ ਕੀਤੀ ਅਤੇ ਹੁਕਮਨਾਮਾ ਲਿਆ। ਸਤਿਗੁਰੂ ਜੀ ਦਾ ਮੁੱਖਵਾਕ ਲੈਣ ਉਪਰੰਤ ਆਪ ਜੀ ਨੇ ਕਿਹਾ ਕਿ ਪਿਆਰਾ ਸਿੰਘ ! ਗੁਰਦੇਵ ਪਿਤਾ ਜੀ ਨੇ ਤੇਰੀ ਅਰਦਾਸ ਮਨਜ਼ੂਰ ਕਰ ਲਈ ਹੈ। ਆਪ ਜੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੋਂ ਉੱਠੇ ਅਤੇ ਜਿੱਥੋਂ ਦੀ ਸੰਗਤ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਲੰਘਦੀ ਸੀ ਉਸ ਫ਼ਰਸ਼ ਉਪਰੋਂ ਆਪਣੇ ਹੱਥ ਨਾਲ ਸੰਗਤ ਦੀ ਚਰਨ ਧੂੜੀ ਲਾ ਕੇ ਪਿਆਰਾ ਸਿੰਘ ਦੀਆਂ ਦੋਵਾਂ ਅੱਖਾਂ ਉੱਪਰ ਹੱਥ ਫੇਰ ਦਿੱਤਾ। ਗੁਰੂ-ਚਰਨਾਂ ਵਿੱਚੋਂ ਅਸ਼ੀਰਵਾਦ ਪ੍ਰਾਪਤ ਕਰਨ ਉਪਰੰਤ ਸ: ਪਿਆਰਾ ਸਿੰਘ ਅਤੇ ਸ: ਵਧਾਵਾ ਸਿੰਘ ਵਾਪਸ ਆ ਗਏ। ਅਗਲੇ ਹਫ਼ਤੇ ਬੋਰਡ ਨੇ ਜਿਸ ਦਾ ਚੇਅਰਮੈਨ ਅੰਗਰੇਜ਼ ਡਾਕਟਰ ਸੀ, ਪਿਆਰਾ ਸਿੰਘ ਨੂੰ ਸੱਦਿਆ ਅਤੇ ਆਪ ਅੱਖਾਂ ਚੈੱਕ ਕੀਤੀਆਂ। ਪਿਆਰਾ ਸਿੰਘ A ਤੋਂ Z ਤਕ ਸਾਰੇ ਅੱਖਰ ਬੜੇ ਅਰਾਮ ਨਾਲ ਪੜ੍ਹ ਗਿਆ। ਅੰਗਰੇਜ਼ ਡਾਕਟਰ ਨੇ ਫਿਰ ਦੁਬਾਰਾ ਪੂਰੀ ਤਸੱਲੀ ਕੀਤੀ ਅਤੇ ਕਿਹਾ ਕਿ ਤੈਨੂੰ ਕਿਸ ਬੇਵਕੂਫ਼ ਡਾਕਟਰ ਨੇ ਨਿਗਾਹ ਵੱਲੋਂ ਫੇਲ੍ਹ ਕਰਕੇ ਤੇਰੀ ਜ਼ਿੰਦਗੀ ਖ਼ਰਾਬ ਕੀਤੀ ਹੈ, ਤੇਰੀ ਨਜ਼ਰ ਤਾਂ ਬਿਲਕੁਲ ਠੀਕ ਹੈ।

ਬੋਰਡ ਦੇ ਚੇਅਰਮੈਨ ਨੇ ਉਸੇ ਵੇਲੇ ਪਿਆਰਾ ਸਿੰਘ ਨੂੰ ਸੈਕਿੰਡ ਲੈਫਟੀਨੈਂਟ ਦੇ ਰੈਂਕ ਤੇ ਬਹਾਲ ਕਰਨ ਦੀ ਸਿਫ਼ਾਰਸ਼ ਕੀਤੀ। ਮੈਡੀਕਲ ਰੀਪੋਰਟ ਪੁੱਜਣ ਤੇ ਪਿਆਰਾ ਸਿੰਘ ਨੂੰ ਪਹਿਲੇ ਰੈਂਕ ਤੇ ਬਹਾਲ ਕੀਤਾ ਗਿਆ ਅਤੇ ਬਾਅਦ ਵਿਚ ਕਰਨਲ ਦੇ ਅਹੁਦੇ ਨੂੰ ਪ੍ਰਾਪਤ ਕਰਕੇ ਰੀਟਾਇਰ ਹੋਇਆ।

ਜਦੋਂ ਸਤਿਗੁਰੂ ਜੀ ਅਤੇ ਸੰਗਤ ਦੀ ਮਿਹਰ-ਭਰੀ ਨਿਗਾਹ ਹੋ ਜਾਵੇ ਬਸ ਫਿਰ ਤਾਂ ਜਿਵੇਂ ਗੁਰਦੇਵ ਪੰਜਵੇਂ ਪਾਤਸ਼ਾਹ ਜੀ ਨੇ ਬਿਲਾਵਲ ਰਾਗ ਵਿਚ ਹੁਕਮ ਕੀਤਾ ਹੈ ਕਿ ਐਸੀ ਬਖ਼ਸ਼ਿਸ਼ ਹੋ ਜਾਂਦੀ ਹੈ :

ਬਿਲਾਵਲ ਮ: ੫ (ਪੰਨਾ ੮੦੯)

ਪਿੰਗੁਲ ਪਰਬਤ ਪਾਰਿ ਪਰੇ<br>
ਖਲ ਚਤੁਰ ਬਕੀਤਾ।।



www.AKJ.Org

ਅੰਧੁਲੇ ਤ੍ਰਿਭਵਣ ਸੂਝਿਆ
ਗੁਰ ਭੇਟਿ ਪੁਨੀਤਾ।।੧।।
ਮਹਿਮਾ ਸਾਧੂ ਸੰਗ ਕੀ
ਸੁਨਹੁ ਮੇਰੇ ਮੀਤਾ।।
ਮੈਲੁ ਖੋਈ ਕੋਟਿ ਅਘ ਹਰੇ
ਨਿਰਮਲ ਭਏ ਚੀਤਾ।।੧।। ਰਹਾਉ।।
ਐਸੀ ਭਗਤਿ ਗੋਵਿੰਦ ਕੀ
ਕੀਟਿ ਹਸਤੀ ਜੀਤਾ।।
ਜੋ ਜੋ ਕੀਨੋ ਆਪਨੋ,
ਤਿਸੁ ਅਭੈ ਦਾਨੁ ਦੀਤਾ।।੨।।
ਸਿੰਘੁ ਬਿਲਾਈ ਹੋਇ ਗਇਓ
ਤ੍ਰਿਣੁ ਮੇਰੁ ਦਿਖੀਤਾ।।
ਸ੍ਰਮੁ ਕਰਤੇ ਦਮ ਆਢ ਕਉ
ਤੇ ਗਨੀ ਧਨੀਤਾ।।੩।।
ਕਵਨ ਵਡਾਈ ਕਹਿ ਸਕਉ
ਬੇਅੰਤ ਗੁਨੀਤਾ।।
ਕਰਿ ਕਿਰਪਾ ਮੋਹਿ ਨਾਮੁ ਦੇਹੁ
ਨਾਨਕ ਦਰਸ ਰੀਤਾ।।੪।।੭।।

ਸਰਬ ਵਿਆਪਕ ਪ੍ਰਭੂ ਸਭ ਦਾਤਾਂ ਦੇਣ ਵਾਲਾ ਹੈ, ਗੁਰੂ ਦੀ ਸੇਵਾ ਅਤੇ ਬਖ਼ਸ਼ਿਸ਼ ਦੁਆਰਾ ਕੀ ਨਹੀਂ ਮਿਲਦਾ ? ਭਾਵ ਸਭ ਕੁਝ ਮਿਲ ਜਾਂਦਾ ਹੈ।

ਪਰਮੇਸ਼ਰ ਪਿੱਛੇ ਤੁਰਨ ਵਾਲਿਆਂ ਨੂੰ ਆਗੂ ਬਣਾ ਦਿੰਦਾ ਹੈ। ਨਿਰਾਸ਼ਿਆਂ ਦੀਆਂ ਆਸਾਂ ਪੂਰੀਆ ਕਰਦਾ ਹੈ। ਉਸ ਦੀ ਮਿਹਰ ਨਾਲ ਕੰਗਾਲ ਧਨਵਾਨ ਬਣ ਜਾਂਦੇ ਹਨ। ਉਹ ਮਾਲਕ ਰੋਗੀਆਂ ਦੇ ਰੋਗ ਦੂਰ ਕਰਨ ਵਾਲਾ ਹੈ। ਪ੍ਰਭੂ ਆਪਣੇ ਭਗਤਾਂ ਨੂੰ ਭਗਤੀ ਦਾਨ ਤੇ ਸਿਫ਼ਤ-ਸਲਾਹ ਦੀ ਦਾਤ ਬਖ਼ਸ਼ਿਸ਼ ਕਰ ਦਿੰਦਾ ਹੈ।

ਪਾਛੰ ਕਰੋਤਿ ਅਗ੍ਰਣੀਵਹ,
ਨਿਰਾਸੰ ਆਸ ਪੂਰਨਹ।।
ਨਿਰਧਨ ਭਯੰ ਧਨਵੰਤਹ,
ਰੋਗੀਅੰ ਰੋਗ ਖੰਡਨਹ।।
ਭਗਤ੍ਯੰ ਭਗਤਿ ਦਾਨੰ,
ਰਾਮ ਨਾਮ ਗੁਣ ਕੀਰਤਨਹ।।
ਪਾਰਬ੍ਰਹਮ ਪੁਰਖ ਦਾਤਾਰਹ।।
ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ।।੨੦।।
(ਸਲੋਕ ਸਹਸਕ੍ਰਿਤੀ, ਪੰਨਾ ੧੩੫੫)

❖❖❖❖❖

# ਪਿਰੁ ਵਾਤੜੀ ਨ ਪੁਛਈ

(ਪ੍ਰੋ: ਹਰਬੰਸ ਸਿੰਘ, ਲੁਧਿਆਣਾ)

ਮਿੱਤਰ (ਪ੍ਰੀਤਮ) ਪਿਆਰੇ ਦੀ ਚਿੱਠੀ ਆਈ। ਨਾ ਪੜ੍ਹੀ, ਨਾ ਸੁਣੀ, ਨਾ ਵੀਚਾਰੀ। ਅਮਲ ਤਾਂ ਕੀ ਕਰਨਾ ਸੀ। ਸ਼ਹੁ ਦਾ ਕਹਿਣਾ ਨਾ ਮੰਨਿਆ, ਆਪਣੇ ਮਨ ਦੀ ਮੱਤ ਮਗਰ ਹੀ ਦੌੜੀ ਭੱਜੀ ਫਿਰਦੀ ਰਹੀ ਅਤੇ ਲੋਕਾਂ ਕੋਲ ਗੱਲਾਂ ਕਰਦੀ, *"ਕੰਤ ਤਾਂ ਮੇਰੀ ਵਾਤ ਈ ਨਹੀਂ ਪੁੱਛਦਾ।"*

ਗਲੀ ਹਉ ਸੋਹਾਗਣਿ ਭੈਣੇ, ਕੰਤੁ ਨ ਕਬਹੂੰ ਮੈ ਮਿਲਿਆ।। (ਪੰਨਾ ੪੩੩)__ __ __

ਗੁਰਬਾਣੀ ਅਸੀਂ ਪੜ੍ਹਦੇ, ਸੁਣਦੇ, ਵੀਚਾਰਦੇ ਹੀ ਨਹੀਂ। ਗੁਰ ਹੁਕਮਾਂ ਦੀ ਸੋਝੀ ਕਿਵੇਂ ਪਵੇ ? ਗੁਰਮਤਿ ਤੋਂ ਕੋਰੇ, ਕੁਰਾਹੇ ਪਏ ਠੇਡੇ ਖਾ ਰਹੇ ਹਾਂ। ਗਿਲਾ ਕਰਦੇ ਹਾਂ - *'ਗੁਰੂ ਸਾਡੀ ਸਾਰ ਹੀ ਨਹੀਂ ਲੈਂਦਾ।'*__ __ __

ਪਾਠ ਅਸੀਂ ਰਖਾ ਲੈਂਦੇ ਹਾਂ। ਨਾ ਆਪ ਕਰਦੇ ਹਾਂ, ਨਾ ਸੁਣਦੇ ਹਾਂ ਅਤੇ ਨਾ ਹੀ ਗੁਰਸ਼ਬਦ ਦੀ ਵੀਚਾਰ ਕਰਦੇ ਹਾਂ। ਇੱਛਾ ਰੱਖਦੇ ਹਾਂ ਕਿ ਦੂਜਿਆਂ ਦੇ ਅੰਮ੍ਰਿਤ ਭੋਜਨ ਭੁੰਚਣ ਦਾ ਆਧਾਰ ਸਾਨੂੰ ਹੋ ਜਾਏ।

"ਜੇਹਾ ਬੀਜੇ ਸੋ ਲੁਣੇ, ਕਰਮਾ ਸੰਦੜਾ ਖੇਤੁ।।" (ਪੰਨਾ ੧੩੪)__ __ __

ਗੁਰੂ ਦੀ ਗੱਲ ਅਸੀਂ ਮੰਨਦੇ ਨਹੀਂ, ਆਪਣੀ ਮੱਤ ਨੂੰ ਹੀ ਉੱਚਾ ਦੱਸਦੇ ਹਾਂ। ਨਿਰੀਆਂ ਗੱਲਾਂ ਨਾਲ ਤੇ ਸ਼ਹੁ ਨੇ ਪਤੀਜਣਾ ਨਹੀਂ, ਮਨ ਦੀ ਮੱਤ ਤਿਆਗ ਕੇ 'ਗੁਰ ਚਾਲੀ' ਚੱਲਣ ਨਾਲ ਹੀ ਅਸੀਂ ਪ੍ਰਭੂ-ਪ੍ਰੀਤਮ ਨੂੰ ਗਲੇ ਲੱਗ ਸਕਾਂਗੇ

ਗਾਲੀ ਹਰਿ ਨੀਹੁ ਨ ਹੋਇ।। (ਪੰਨਾ ੭੧੫)__ __ __

ਸਾਰੀਆਂ ਸਿਆਣਪਾਂ, ਚਤਰਾਈਆਂ ਛੱਡ ਕੇ ਗੁਰੂ ਦੀ ਸ਼ਰਨ ਆਉਣ ਨਾਲ ਹੀ ਸਹੀ ਜੀਵਨ-ਸੇਧ ਮਿਲੇਗੀ। ਜਦੋਂ ਗੁਰ-ਦੀਖਿਆ ਪਾਇ ਕੇ ਅਸੀਂ ਨਿਗੁਰੇ ਤੋਂ ਗੁਰੂ ਵਾਲੇ ਬਣ ਕੇ 'ਨਾਮ ਸਿਮਰਨ' ਦੀ ਸੱਚੀ ਕਾਰੇ ਜੁਟਾਂਗੇ ਤਾਂ ਹੀ 'ਮਿੱਤਰ ਪਿਆਰੇ' ਦਾ ਦਰਸ ਮਿਲਾਪ ਹੋ ਸਕੇਗਾ।

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ।।
ਤਿਆਗੇਂ ਮਨ ਕੀ ਮਤੜੀ, ਵਿਸਾਰੇਂ ਦੂਜਾ ਭਾਉ ਜੀਉ।।
ਇਉ ਪਾਵਹਿ ਹਰਿ ਦਰਸਾਵੜਾ ਨਹ ਲਾਗੈ ਤਤੀ ਵਾਉ ਜੀਉ।। (ਪੰਨਾ ੭੬੩)

❖❖❖❖❖



www.AKJ.Org

# ਵਿਣੁ ਨਾਵੈ ਸਭਿ ਭਰਮਦੇ (੬੪੬)

(ਭਾਈ ਜਸਬੀਰ ਸਿੰਘ ਜੀ ਖਾਲਸਾ, ਖੰਨੇ ਵਾਲੇ)

ਸੱਚਮੁੱਚ ਇਹ ਮਨੁੱਖ ਜਿਤਨਾ ਆਪਣੀ ਪੇਟ ਪੂਜਾ ਲਈ, ਆਪਣੇ ਸਰੀਰ ਨੂੰ ਪਾਲਣ ਲਈ ਯਤਨ ਕਰਦਾ ਹੈ, ਜਿਤਨੇ ਇਸ ਨੇ ਆਪਣੇ ਸਰੀਰ ਨੂੰ ਪਾਲਣ ਲਈ ਸਾਧਨ ਬਣਾਏ ਹਨ ਜੇਕਰ ਉਤਨਾ ਆਪਣੀ ਜ਼ਮੀਰ ਨੂੰ ਪਾਲਣ ਲਈ ਸਾਧਨ ਬਣਾ ਲੈਂਦਾ ਤਾਂ ਇਸ ਦੀ ਜ਼ਮੀਰ ਉੱਚੀ ਹੋਣ ਕਰਕੇ ਇਸ ਮਨੁੱਖ ਦੀ ਤਕਦੀਰ ਭੀ ਉੱਚੀ ਹੁੰਦੀ। ਇਹ ਸੱਚ ਹੈ ਕਿ ਜਿਸਦੀ ਜ਼ਮੀਰ ਮਰ ਜਾਏ ਉਸ ਦੀ ਤਕਦੀਰ ਮਰ ਜਾਂਦੀ ਹੈ। ਜੇ ਸਰੀਰ ਦੇ ਸਾਧਨ ਇਸ ਦਾ ਆਹਾਰ ਸਨ ਤੇ ਜ਼ਮੀਰ ਦਾ ਸਾਧਨ ਹੈ ਨਾਮ ਦਾ ਆਹਾਰ। ਮਨੁੱਖ ਸਰੀਰ ਨੂੰ ਤਾਂ ਪਾਲਦਾ ਰਿਹਾ ਪਰ ਜ਼ਮੀਰ ਨੂੰ ਨਾਮ ਦਾ ਆਹਾਰ ਨਾ ਦੇ ਕੇ ਇਸ ਦੇ ਅੰਦਰ ਭਟਕਣਾ ਰਹੀ। ਜ਼ਮੀਰ ਦਾ ਆਹਾਰ ਨਾਮ ਨਾ ਹੋਣ ਕਰਕੇ ਇਹ ਸਾਰਾ ਸੰਸਾਰ ਹੀ ਭਰਮਦਾ ਰਿਹਾ, ਭਟਕਦਾ ਰਿਹਾ। ਇਉਂ ਲੱਗਦੈ ਕਿ ਜਿਵੇਂ ਸਮੁੰਦਰ ਵਿੱਚ ਬਹੁਤ ਜ਼ਿਆਦਾ ਪਾਣੀ ਹੈ, ਸਮੁੰਦਰ ਦਾ ਪਾਣੀ ਅਥਾਹ ਹੈ ਤੇ ਸਮੁੰਦਰ ਦੇ ਪਾਣੀ ਵਿੱਚ ਲਹਿਰਾਂ ਭੀ ਉੱਠਦੀਆਂ ਹਨ, ਸਮੁੰਦਰ ਵਿੱਚ ਤੂਫਾਨ ਭੀ ਆਉਂਦੇ ਰਹਿੰਦੇ ਹਨ ਪਰ ਸਮੁੰਦਰ ਦੇ ਪਾਣੀ ਵਿੱਚ ਮਗਰਮੱਛ ਭੀ ਰਹਿੰਦੇ ਹਨ। ਇਉਂ ਲੱਗ ਰਿਹੈ ਕਿ ਮਨੁੱਖ ਦੀਆਂ ਸੋਚਾਂ ਤੇ ਮਨੁੱਖ ਦੇ ਖਿਆਲਾਂ ਦਾ ਸਮੁੰਦਰ ਭੀ ਇਸਦੇ ਖਿਆਲਾਂ ਕਰਕੇ ਨੱਕੋ ਨੱਕ ਭਰਿਆ ਪਿਆ ਹੈ। ਮਨੁੱਖ ਦੇ ਇਤਨੇ ਫੁਰਨੇ ਹਨ ਕਿ ਮਨੁੱਖ ਆਪ ਭੀ ਨਹੀਂ ਸੋਚ ਸਕਦਾ ਕਿ ਇਕ ਛਿਨ ਵਿੱਚ ਕਿਤਨੇ ਕਿਤਨੇ ਫੁਰਨੇ ਅੰਦਰੋਂ ਪ੍ਰਗਟ ਹੋ ਜਾਂਦੇ ਹਨ। ਇਹੋ ਹੀ ਖਿਆਲ ਰੂਪੀ ਫੁਰਨੇ ਜਦੋਂ ਕ੍ਰਿਆ ਵਿੱਚ ਆਉਂਦੇ ਹਨ ਤਾਂ ਮਨੁੱਖ ਦਾ ਸੁਭਾਅ ਬਣ ਜਾਂਦਾ ਹੈ। ਜਿਵੇਂ ਜਿਵੇਂ ਇਹ ਖਿਆਲਾਂ ਦੇ ਸੁਭਾਅ ਅਨੁਸਾਰ ਜੀਵਨ ਬਿਤਾਉਂਦਾ ਹੈ ਤਾਂ ਇਸਦੇ ਸੁਭਾਅ ਕਰਕੇ, ਇਨ੍ਹਾਂ ਖਿਆਲਾਂ ਕਰਕੇ ਇਸਦੀ ਆਦਤ ਪੱਕ ਜਾਂਦੀ ਹੈ। ਇਹ ਸੱਚ ਹੈ ਕਿ ਇਹ ਆਪਣੀ ਆਦਤ ਅਨੁਸਾਰ ਹੀ ਆਪਣੇ ਭੁਲੇਖਿਆ ਵਿੱਚ ਫਸਿਆ ਪਿਆ ਹੈ। ਇਉਂ ਲੱਗ ਰਿਹੈ, ਇਹ ਖਿਆਲਾਂ ਦੇ ਸਮੁੰਦਰ ਵਿੱਚ ਜਿੱਥੇ ਖਿਆਲਾਂ ਦਾ ਪਾਣੀ ਅਥਾਹ ਹੈ, ਉਥੇ ਭੁਲੇਖਿਆ ਦੇ ਮਗਰਮੱਛ ਭੀ ਫਿਰਦੇ ਹਨ। ਇਨ੍ਹਾਂ ਭੁਲੇਖਿਆਂ ਦੇ ਮਗਰਮੱਛ ਨੇ ਸਾਡੇ ਮਨ ਰੂਪੀ ਹਾਥੀ ਨੂੰ ਫੜ ਲਿਆ ਹੈ। ਜਦੋਂ ਸਤਿਗੁਰੂ ਦੀ ਬਾਣੀ ਪੜ੍ਹਦੇ ਹਾਂ - ਜਬ ਹੀ ਸਰਨਿ ਗਹੀ ਕਿਰਪਾ ਨਿਧਿ, ਗਜੁ ਗਰਾਹ ਤੇ ਛੂਟਾ।। (ਪੰਨਾ ੬੩੨) ਸਮਝ ਆਉਂਦੀ ਹੈ ਕਿ ਇਕ ਪਹਿਲਾ ਭੀ ਹਾਥੀ ਸੀ ਜਿਸ ਹਾਥੀ ਨੂੰ ਮਗਰਮੱਛ ਨੇ ਫੜਿਆ ਸੀ। ਕਹਿੰਦੇ ਹਨ ਹਾਥੀ ਨੇ ਚੀਕਾਂ ਮਾਰੀਆਂ, ਹਾਥੀ ਨੇ ਪੁਕਾਰ ਕੀਤੀ। ਹੁਣ ਮਗਰਮੱਛ ਨੇ ਹਾਥੀ ਫੜਿਆ ਹੋਇਆ ਸੀ, ਹਾਥੀ ਪੁਕਾਰ ਕਰਦਾ ਰਿਹਾ। ਕਹਿੰਦੇ ਨੇ ਹਾਥੀ ਦੀ ਪੁਕਾਰ ਸੁਣੀ ਗਈ ਤਾਂ ਜੋ ਰਚਨਹਾਰ, ਸਿਰਜਨਹਾਰ ਪਿਤਾ ਹੈ, ਸਭ ਦੀ ਸੰਭਾਲ ਕਰਨ ਵਾਲਾ, ਸਭ ਦੀ ਪ੍ਰਿਤਪਾਲਨਾ ਕਰਨ ਵਾਲਾ ਉਸਨੇ ਆ ਕੇ ਬਖਸ਼ਿਸ਼ ਕਰਕੇ ਹਾਥੀ ਨੂੰ ਛੁਟਕਾਰਾ ਦਿਵਾਇਆ। ਸਾਖੀ ਸੱਚੀ ਹੈ ਪਰ ਵੀਚਾਰ ਕਰਨ ਵਾਲੀ ਗੱਲ ਇਹ ਹੈ ਕਿ ਇੱਕ ਹਾਥੀ ਦਾ, ਇੱਕ ਪਸ਼ੂ ਦਾ ਸੁੱਤਾ ਪਿਆ ਮਨ ਜਾਗ ਪਵੇ ਤਾਂ ਜਾਗਿਆ ਹੋਇਆ ਮਨ ਰਚਨਹਾਰ ਨਾਲ ਜਾ ਜੁੜਿਆ। ਉਸਨੂੰ ਸੂਝ ਆ ਗਈ ਕਿ ਜਿਸਨੇ ਮੈਨੂੰ ਰਚਿਆ ਹੈ ਉਹੀ ਮੈਨੂੰ ਬਚਾ ਸਕਦਾ ਹੈ, ਹੋਰ ਕੋਈ ਨਹੀਂ ਬਚਾ ਸਕਦਾ। ਮੈਨੂੰ ਬਚਾਉਣ ਵਾਲਾ ਮੇਰਾ ਹੋਰ ਕੋਈ ਸਾਥੀ ਨਹੀਂ। ਇਸ ਤਰ੍ਹਾਂ ਜਾਗਿਆ ਹੋਇਆ ਮਨ ਜੁੜ ਗਿਆ ਤਾਂ ਪੁਕਾਰ ਪ੍ਰਵਾਨ ਹੋਈ। ਰਚਨਹਾਰ ਪ੍ਰਭੂ ਨੇ ਪੁਕਾਰ ਸੁਣੀ ਤੇ ਆ ਕੇ ਹਾਥੀ ਨੂੰ ਛੁਟਕਾਰਾ ਦਿੱਤਾ। ਪਰ ਇਹ ਪ੍ਰਾਣੀ ਹਰ ਵੇਲੇ ਹੀ ਖਿਆਲਾਂ ਦੇ ਸਮੁੰਦਰ ਵਿੱਚ ਰਹਿਣ ਵਾਲਾ ਹੈ, ਭੁਲੇਖਿਆਂ ਦੇ ਮਗਰਮੱਛ ਨੇ ਇਸ ਦੇ ਮਨ ਰੂਪੀ ਹਾਥੀ ਨੂੰ ਫੜ ਲਿਆ ਹੈ। ਪਰ ਇਹ ਕੀ ਕਰੇ ? ਇਸਦੀ ਸੁਰਤ ਸੁੱਤੀ ਪਈ ਹੈ। ਹਾਥੀ ਦਾ ਮਨ ਤਾਂ ਜਾਗ ਪਿਆ ਪਰ ਇਸਦੀ ਸੁਰਤ ਸੁੱਤੀ ਪਈ ਹੈ ਤਾਂ ਪੁਕਾਰ ਕੌਣ ਕਰੇ ? ਮਨ ਦੇ ਉੱਪਰ ਮੱਤ ਹੈ। ਜੈਸੀ ਮੱਤ ਮਨ ਨੂੰ ਫੁਰਨੇ ਦਿੰਦੀ ਹੈ ਉਸ ਦੇ ਮੁਤਾਬਿਕ ਹੀ ਮਨ ਇੰਦ੍ਰਿਆਂ ਪਾਸੋਂ ਕਰਮ ਕਰਵਾਉਂਦਾ ਹੈ। ਮਨ ਦੇ ਉੱਤੇ ਮੱਤ ਦਾ ਕੰਟ੍ਰੋਲ ਹੈ। ਜਦੋਂ ਕਿਸੇ ਦੀ ਸੁਰਤ ਹੀ ਸੌਂ ਜਾਏ ਤਾਂ ਮੱਤ ਕੀ ਕਰੇਗੀ ? ਮੱਤ ਜਿਨ੍ਹਾਂ ਖਿਆਲਾਂ ਵਿੱਚ ਪਹਿਲਾਂ ਡੁੱਬੀ ਹੋਈ ਹੈ, ਉਨ੍ਹਾਂ ਖਿਆਲਾਂ ਵਿੱਚ ਹੀ ਡੁੱਬੀ ਰਹੇਗੀ। ਜਿੰਨੀ ਦੇਰ ਤੱਕ ਇਹ ਖਿਆਲਾਂ ਦੇ ਸਮੁੰਦਰ ਵਿੱਚ ਡੁੱਬੀ ਹੋਈ ਹੈ ਉਤਨੀ ਦੇਰ ਤੱਕ ਇਹ ਜੋ ਭੁਲੇਖਿਆ ਦਾ ਮਗਰਮੱਛ ਹੈ ਜਿਸਨੇ ਮਨ ਰੂਪੀ ਹਾਥੀ ਨੂੰ ਪਕੜਿਆ ਹੋਇਆ ਹੈ, ਇਸਨੂੰ ਨਹੀਂ ਛੱਡੇਗਾ। ਇਹ ਗੱਲ ਪੱਕੀ ਹੈ ਕਿ ਬਿਨਾਂ ਛੁਡਾਉਣ ਵਾਲੇ ਤੋਂ ਕੋਈ ਛੁਡਾ



www.AKJ.Org

ਨਹੀਂ ਸਕਦਾ। ਆਪਣੇ ਆਪ ਇਹ ਮਨ ਭੁਲੇਖਿਆਂ ਦੇ ਮਗਰਮੱਛ ਤੋਂ ਛੁਟਕਾਰਾ ਨਹੀਂ ਪਾ ਸਕਦਾ। ਹੁਣ ਸੁਰਤ ਸੁੱਤੀ ਹੋਈ ਹੈ ਫਿਰ ਸੁੱਤੀ ਹੋਈ ਸੁਰਤ ਨੂੰ ਕੌਣ ਜਗਾ ਸਕਦਾ ਹੈ ? ਪਹਿਲਾਂ ਤਾਂ ਸੁਰਤ ਨੂੰ ਜਗਾਣਾ ਹੋਏਗਾ। ਜੇ ਸੁਰਤ ਜਾਗ ਪਵੇ ਤਾਂ ਸੱਚ ਹੈ ਫਿਰ ਸੁਰਤ ਦੀ ਪੁਕਾਰ ਨਿਰੰਕਾਰ ਤੱਕ ਪਹੁੰਚੇਗੀ।ਸਿੱਖ ਕੌਣ ਹੈ ? ਸਿੱਖ ਸੁਰਤ ਹੈ। ਗੁਰੂ ਕੌਣ ਹੈ ? ਗੁਰੂ ਸ਼ਬਦ ਹੈ। ਇਸ ਦਾ ਭਾਵ ਇਹ ਹੋਇਆ ਕਿ ਸ਼ਬਦ ਹੀ ਸੁਰਤ ਨੂੰ ਜਗਾ ਸਕਦਾ ਹੈ। ਜਦੋਂ ਸਮਝਣਾ ਹੋਵੇ ਵੈਦ ਕੀ ਹੈ ਤਾਂ ਵੈਦ ਨੂੰ ਸਮਝਣ ਤੋਂ ਪਹਿਲਾਂ ਰੋਗੀ ਨੂੰ ਸਮਝਣਾ ਹੋਏਗਾ ਤਾਂ ਵੈਦ ਦੀ ਸਮਝ ਆ ਜਾਏਗੀ। ਜੇ ਰੋਗੀ ਨਾ ਹੋਵੇ ਤਾਂ ਵੈਦ ਦੀ ਸਮਝ ਕਿਥੋਂ ਆਏਗੀ ? ਜੇ ਰੋਗੀ ਹੈ ਤਾਂ ਪਤਾ ਚਲ ਜਾਂਦਾ ਹੈ ਕਿ ਰੋਗ ਨੂੰ ਦੂਰ ਕਰਨ ਵਾਲਾ ਵੈਦ ਹੈ। ਜੇ ਗੁਰੂ ਨੂੰ ਸਮਝਣਾ ਹੈ ਤਾਂ ਪਹਿਲਾਂ ਸਿੱਖ ਨੂੰ ਸਮਝਣਾ ਹੋਏਗਾ। ਸਿੱਖ ਦਾ ਅਰਥ ਹੈ ਜੋ ਸੱਚ ਦੀ ਤਲਾਸ਼ ਕਰੇ। ਸੁਰਤ ਸੱਚ ਦੀ ਤਲਾਸ਼ ਵਿੱਚ ਨਿਕਲਦੀ ਹੈ ਤਾਂ ਨਿਰੰਕਾਰ ਵੱਲ ਜਾਂਦੀ ਹੈ। ਗੁਰਮੁਖ ਦੀ ਸੁਰਤ ਜਾਗਦੀ ਰਹਿੰਦੀ ਹੈ। ਮਨਮੁੱਖ ਦੀ ਸੁਰਤ ਸੁੱਤੀ ਰਹਿੰਦੀ ਹੈ। ਬਾਹਰ ਪਹਿਰੇਦਾਰ ਫਿਰਦੇ ਹਨ, ਹੋਕਾ ਦਿੰਦੇ ਹਨ, ਜਾਗੋ ! ਜਾਗੋ ! ਜਾਗਦੇ ਰਹਿਣਾ, ਅੰਦਰ ਚੋਰ ਵੜ ਜਾਣਗੇ। ਜੇਕਰ ਪਹਿਰੇਦਾਰ ਦੀ ਆਵਾਜ਼ ਸੁਣਕੇ ਭੀ ਘਰ ਦੇ ਨਹੀਂ ਜਾਗਦੇ ਤਾਂ ਫਿਰ ਚੋਰ ਤਾਂ ਅੰਦਰ ਚਲੇ ਗਏ ਤੇ ਅਸੀਂ ਆਪਣਾ ਬਚਾਅ ਨਹੀਂ ਕਰ ਸਕਦੇ। ਸਤਿਗੁਰੂ ਤਾਂ ਸ਼ਬਦ ਦੁਆਰਾ ਆਵਾਜ਼ਾਂ ਮਾਰਦੇ ਹਨ ਜਾਗੋ ! ਜਾਗੋ ! ਜਾਗੋ ! ਗਫਲਤਾ ਦੀ ਨੀਂਦ ਵਿੱਚ ਨਾ ਸੌਂਵੋ, ਅੰਦਰ ਚੋਰ ਵੜ ਜਾਣਗੇ।

ਮੁਸਨਹਾਰ ਪੰਚ ਬਟਵਾਰੇ।।
ਸੂਨੇ ਨਗਰ ਪਰੇ ਠਗਹਾਰੇ।।੨।। (ਪੰਨਾ ੧੯੨)

ਪਰ ਜੇਕਰ ਕੋਈ ਆਵਾਜ਼ ਸੁਣਕੇ ਭੀ ਨਹੀਂ ਜਾਗਦਾ ਉਹ ਆਪਣਾ ਸਭ ਕੁੱਝ ਲੁਟਾ ਬੈਠੇਗਾ।

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ।।
ਸਾਬਤੁ ਵਸਤੁ ਓਹੁ ਆਪਣੀ ਲਹੈ।।੧।।ਰਹਾਉ।।
(ਪੰਨਾ ੧੯੨)

ਜਿਹੜਾ ਸੁੱਤਾ ਰਹੇਗਾ, ਜਿਸਦੀ ਸੁਰਤ ਸੁੱਤੀ ਹੈ ਉਹ ਆਪਣਾ ਸਭ ਕੁੱਝ ਲੁਟਾ ਬੈਠੇਗਾ। ਸੁਤੇ ਹੋਏ ਮਨੁੱਖ ਕੋਲ ਸੱਪ ਹੋਵੇ, ਪਤਾ ਹੀ ਨਹੀਂ ਚੱਲਣਾ, ਸੱਪ ਨੇ ਡੰਗ ਮਾਰ ਜਾਣਾ ਹੈ। ਜਾਗਦੇ ਮਨੁੱਖ ਨੂੰ ਪਤਾ ਚਲ ਜਾਏ ਸਾਹਮਣੇ ਸੱਪ ਆ ਰਿਹਾ ਹੈ ਤਾਂ ਡਾਂਗ ਚੁੱਕ ਲਵੇਗਾ। ਜਿਸਦੀ ਸੁਰਤ ਸੁੱਤੀ ਹੋਈ ਹੈ ਉਸਨੂੰ ਮਾਇਆ ਨਾਗਨੀ ਡੰਗ ਮਾਰਦੀ ਹੈ। ਜਿਸਦੀ ਸੁਰਤ ਜਾਗ ਪਈ ਹੈ ਉਸਨੇ ਸਾਹਮਣੇ ਦੇਖ ਲਈ-

ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ।।
ਜਿਨਿ ਤ੍ਰਿਭਵਣੁ ਡਸੀਅਲੇ,
ਗੁਰ ਪ੍ਰਸਾਦਿ ਡੀਠੀ।।੧।। ਰਹਾਉ।।
(ਪੰਨਾ ੪੮੦)

ਜਿਨ੍ਹਾਂ ਨੇ ਵੇਖ ਲਈ, ਉਨ੍ਹਾਂ ਨੇ ਪਹੁੰਚਣ ਨਹੀਂ ਦੇਣਾ। ਉਨ੍ਹਾਂ ਨੇ ਪਹਿਲਾਂ ਹੀ ਉਸ ਦਾ ਸਿਰ ਕੁਚਲ ਦੇਣਾ। ਹੁਣ ਜਿਨ੍ਹਾਂ ਦੀ ਸੁਰਤ ਸੁੱਤੀ ਹੋਈ ਹੈ ਉਹ ਤਾਂ ਮਨ ਰੂਪੀ ਹਾਥੀ ਨੂੰ ਨਹੀਂ ਛੁਡਾ ਸਕਦੇ। ਜਿਨ੍ਹਾਂ ਦੀ ਸੁਰਤ ਜਾਗਦੀ ਹੈ ਉਹ ਆਪਣਾ ਬਚਾਅ ਕਰ ਲੈਣਗੇ। ਸ਼ਬਦ ਦੀ ਆਵਾਜ਼ ਪਿਛੇ ਭੀ ਕੋਈ ਤਾਕਤ ਹੈ। ਜੇ ਜਗਾਉਣ ਵਾਲੇ ਦੀ ਆਵਾਜ਼ ਪਿੱਛੇ ਕੋਈ ਤਾਕਤ ਹੋਵੇ ਤਾਂ ਫਿਰ ਸੱਚ ਹੈ, ਉਹ ਸੁੱਤਾ ਹੋਇਆ ਜ਼ਰੂਰ ਉਠ ਪਏਗਾ। ਇੱਕ ਸ਼ਬਦ ਵਿੱਚ ਸਤਿਗੁਰੂ ਜੀ ਦੱਸਦੇ ਹਨ ਕਿ ਇਹ ਜੀਵ ਰੂਪੀ ਇਸਤ੍ਰੀ ਸੁੱਤੀ ਪਈ ਹੈ, ਇਹ ਮਾਇਆ ਦਾ ਮਦ ਪੀ ਕੇ ਇਸ ਤਰ੍ਹਾਂ ਸਫਲਤਾ ਦੀ ਨੀਂਦ ਵਿੱਚ ਸੌਂ ਗਈ ਹੈ ਕਿ ਜਾਗਣਾ ਔਖਾ ਹੈ। ਪਰ ਸਤਿਗੁਰੂ ਜੀ ਆਪ ਕਹਿੰਦੇ ਹਨ ਕਿ ਜਾਗ ਸਕਦੀ ਹੈ, ਸੰਸਾਰ ਦੇ ਜਗਾਉਣ ਤੇ ਨਹੀਂ, ਆਪਣੇ ਆਪ ਭੀ ਨਹੀਂ ਜਾਗੇਗੀ। ਜੇਕਰ ਇਸ ਦਾ ਪਿਰ ਹੀ ਆਵਾਜ਼ ਮਾਰੇ ਤਾਂ ਜਾਗ ਸਕਦੀ ਹੈ।

ਏਕਾ ਸੇਜ ਵਿਛੀ ਧਨ ਕੰਤਾ।।
ਧਨ ਸੂਤੀ ਪਿਰੁ ਸਦ ਜਾਗੰਤਾ।।
ਪੀਓ ਮਦਰੋ ਧਨ ਮਤਵੰਤਾ।।
ਧਨ ਜਾਗੈ ਜੇ ਪਿਰੁ ਬੋਲੰਤਾ।। (ਪੰਨਾ ੭੩੭)

ਧਨ ਜਾਗ ਸਕਦੀ ਹੈ ਜੇਕਰ ਪਿਰ ਆਵਾਜ਼ ਮਾਰੇ। ਜੇਕਰ ਪਿਰ ਆਵਾਜ਼ ਮਾਰੇ ਤਾਂ ਜੀਵ ਰੂਪੀ ਇਸਤ੍ਰੀ ਜਾਗ ਸਕਦੀ ਹੈ ਤਾਂ ਜ਼ਰਾ ਖਿਆਲ ਕਰਨਾ ਇਹ ਕੈਸਾ ਵਿਛੋੜਾ ਹੋਏਗਾ ਜੇਕਰ ਇਕ ਸੇਜ ਹੋਵੇ ਤੇ ਫਿਰ ਵਿਛੜੇ ਹੋਏ ਹਨ।

ਏਕਾ ਸੇਜ ਵਿਛੀ ਧਨ ਕੰਤਾ।। (ਪੰਨਾ ੭੩੭)

ਕਿਸੇ ਦਾ ਪਤੀ ਪ੍ਰਦੇਸ ਗਿਆ ਹੋਵੇ ਫਿਰ ਤਾਂ ਮੰਨੀਏ ਕਿ ਵਿਛੋੜਾ ਹੈ, ਕੋਈ ਦੂਰ ਗਿਆ ਹੋਵੇ ਫਿਰ ਤਾਂ ਵਿਛੜੇ ਹੋਏ ਹਨ ਪਰ ਇਹ ਕੈਸਾ ਵਿਛੋੜਾ ਹੈ ਕਿ ਇਕ ਸੇਜ ਤੇ ਹੋਣ ਫਿਰ ਵੀ ਵਿਛੜੇ ਹੋਏ ਹਨ।

ਇਸਦੇ ਵਿਛੋੜੇ ਦਾ ਕਾਰਨ ਕੀ ਹੈ ?


www.AKJ.Org

ਪੀਓ ਮਦਰੋ ਧਨ ਮਤਵੰਤਾ।। (ਪੰਨਾ ੭੩੭)

ਇਸਨੇ ਕੋਈ ਨਸ਼ਾ ਹੀ ਐਸਾ ਪੀ ਲਿਆ ਹੈ। ਕੂੜ ਦਾ ਨਸ਼ਾ ਪੀ ਲਿਆ ਹੈ। ਕੂੜ ਦਾ ਨਸ਼ਾ ਸਭ ਤੋਂ ਮਾੜਾ ਨਸ਼ਾ ਹੈ। ਜਿਸ ਨੂੰ ਕੂੜ ਦਾ ਨਸ਼ਾ ਚੜ੍ਹ ਜਾਏ, ਸਮਝੋ ਉਸਨੇ ਆਪਣੇ ਆਪ ਨੂੰ ਘੁੱਪ ਹਨ੍ਹੇਰੇ ਵਿੱਚ ਫਸਾ ਲਿਆ ਹੈ। ਕੂੜ ਦੇ ਨਸ਼ੇ ਵਿੱਚ ਸੁੱਤੀ ਹੋਈ ਜੀਵ ਇਸਤ੍ਰੀ ਜਾਗ ਸਕਦੀ ਹੈ-

ਜੇ ਪਿਰੁ ਬੋਲੰਤਾ।।

ਜੇਕਰ ਇਕ ਪਿਰ ਦੀ ਆਵਾਜ਼ ਨਾਲ ਨਸ਼ੇ ਵਿੱਚ ਸੁੱਤੀ ਹੋਈ ਜਾਗ ਸਕਦੀ ਹੈ ਤਾਂ ਇਸਦਾ ਭਾਵ ਇਹ ਹੈ ਕਿ ਪਿਰ ਦੀ ਆਵਾਜ਼ ਵਿੱਚ ਸਮਰੱਥਾ ਹੈ। ਇੱਕ ਜੱਜ ਦੀ ਕਚਹਿਰੀ ਵਿੱਚ ਇੱਕ ਆਵਾਜ਼ਾ ਮਾਰਨ ਵਾਲਾ ਤਲਬਦਾਰ ਬਾਹਰ ਖੜ੍ਹਾ ਹੈ, ਉਹ ਨਾਂ ਲੈ ਲੈ ਕੇ ਆਵਾਜ਼ਾਂ ਮਾਰਦਾ ਹੈ, ਆਓ ਭਾਈ ਤੁਹਾਡੀ ਅੰਦਰ ਪੇਸ਼ੀ ਹੈ, ਅੰਦਰ ਜੱਜ ਬੈਠਾ ਹੈ, ਤੁਹਾਡਾ ਲੇਖਾ ਖੁੱਲਿਆ ਹੋਇਆ ਹੈ। ਤਲਬਦਾਰ ਤੋਂ ਆਪਣਾ ਨਾਮ ਸੁਣ ਕੇ ਲੋਕੀਂ ਜੱਜ ਦੇ ਕੋਲ ਪੇਸ਼ ਹੁੰਦੇ ਹਨ। ਜ਼ਰਾ ਖਿਆਲ ਕਰੋ ਜੇ ਓਹੀ ਤਲਬਦਾਰ ਬਿਨਾਂ ਕਚਰਿਹੀ ਤੋਂ ਬਾਜ਼ਾਰ ਵਿੱਚ ਜਾ ਕੇ ਨਾਮ ਲੈ ਲੈ ਕੇ ਆਵਾਜ਼ਾਂ ਮਾਰਨੀਆਂ ਸ਼ੁਰੂ ਕਰੇ, ਕੀ ਜਿਨ੍ਹਾਂ ਲੋਕਾਂ ਨੂੰ ਉਹ ਆਵਾਜ਼ਾਂ ਮਾਰ ਮਾਰ ਕੇ ਬੁਲਾਂਦਾ ਹੈ ਉਹ ਆਵਾਜ਼ਾਂ ਸੁਣ ਲੈਣਗੇ ? ਨਹੀਂ। ਜੱਜ ਦੀ ਕਚਹਿਰੀ ਵਿੱਚ ਲੋਕ ਕਿਉਂ ਇਕੱਠੇ ਹੁੰਦੇ ਹਨ ? ਕਿਉਂਕਿ ਉਸ ਆਵਾਜ਼ ਪਿੱਛੇ ਜੱਜ ਦੀ ਤਾਕਤ ਹੈ। ਉਸ ਆਵਾਜ਼ ਪਿੱਛੇ ਜੱਜ ਦੀ ਸਮਰੱਥਾ ਹੈ। ਉਸ ਆਵਾਜ਼ ਪਿੱਛੇ ਜੱਜ ਦੀ ਹਸਤੀ ਹੈ। *ਫਿਰ ਇਹ ਭੀ ਗੱਲ ਪੱਕੀ ਹੈ ਕਿ ਸ਼ਬਦ ਦੀ ਆਵਾਜ਼ ਪਿਛੇ ਨਿਰੰਕਾਰ ਦੀ ਹਸਤੀ ਹੈ। ਸ਼ਬਦ ਦੀ ਆਵਾਜ਼ ਪਿਛੇ ਗੁਰੂ ਆਪ ਬੋਲਦਾ ਹੈ। ਵਾਹਿਗੁਰੂ ਦੀ ਆਵਾਜ਼ ਪਿਛੇ ਗੁਰੂ ਆਪ ਬੋਲਦਾ ਹੈ। ਕੋਈ ਇੱਕ ਵਾਰੀ ਵਾਹਿਗੁਰੂ ਬੋਲਦਾ ਹੈ, ਗੁਰੂ ਨਾਲ ਬੋਲਦਾ ਹੈ। ਵਾਹਿਗੁਰੂ ਦੀ ਆਵਾਜ਼ ਪਿੱਛੇ ਕੇਵਲ ਚਾਰ ਅੱਖਰ ਹੀ ਨਹੀਂ, ਗੁਰੂ ਦੀ ਤਾਕਤ ਹੈ, ਗੁਰੂ ਦੀ ਸਮਰੱਥਾ ਹੈ। ਗੁਰੂ ਦੀ ਆਵਾਜ਼ ਨਾਲ ਮਦਹੋਸ਼ ਲੋਕ, ਬੇਸੁਰਤ ਲੋਕ ਜਾਗ ਪੈਂਦੇ ਹਨ। ਗੁਰੂ ਹੀ ਬੇਸੁਰਤ ਨੂੰ ਸੁਰਤ ਵਿੱਚ ਲਿਆਉਂਦਾ ਹੈ।*

ਜਿਨ ਕੀਤਾ ਮੂੜ ਤੇ ਬਕਤਾ।।
ਜਿਨ ਕੀਤਾ ਬੇਸੁਰਤ ਤੇ ਸੁਰਤਾ।।
(ਪੰਨਾ ੭੭੭)

*ਇਕੋ ਸ਼ਬਦ ਹੈ ਨਿਰੰਕਾਰ ਦਾ, ਪਰਮੇਸ਼ਰ ਦਾ ਜਿਸਦੀ ਸਾਰੀ ਸਤਾ ਹੈ। ਉਸ ਸ਼ਬਦ ਦੀ ਸਤਾ ਨੂੰ ਕੋਈ ਸਮਝ ਜਾਵੇ ਤਾਂ ਸੁੱਤੀ ਹੋਈ ਸੁਰਤ ਜਾਗ ਸਕਦੀ ਹੈ।* ਇੱਕ ਸ਼ਬਦ ਹੈ *'ਆਹਤ'* ਤੇ ਇਕ ਸ਼ਬਦ ਹੈ *'ਅਨਾਹਤ'*। ਵੀਚਾਰ ਕਰੀਏ ਆਹਤ ਸ਼ਬਦ ਕੀ ਹੈ ? ਆਹਤ ਸ਼ਬਦ ਹੈ ਕਿ ਘੁੰਗਰੂਆਂ ਦੀ ਛਣਕਾਰ, ਇਹ ਸਾਜਾਂ ਦੀ ਆਵਾਜ਼, ਇਹ ਸਾਰੀ ਆਹਤ ਹੈ। ਅਸੀਂ ਕਿਸੇ ਛੋਟੇ ਜਿਹੇ ਬੱਚੇ ਨੂੰ ਸਿਖਾਉਂਦੇ ਹਾਂ, ਬੋਲ ਰੋਟੀ। ਉਹ ਸਾਡੇ ਸਿਖਾਏ ਹੋਏ ਬੋਲਾਂ ਨੂੰ ਬੋਲਦਾ ਹੈ। ਸਾਡੇ ਵਜਾਏ ਹੋਏ ਸਾਜ ਆਵਾਜ਼ ਕਰਦੇ ਹਨ। ਪਰ ਜੇਕਰ ਕੋਈ ਮੋਢੇ ਤੇ ਐਸਾ ਸਾਜ ਚੁੱਕ ਕੇ ਤੁਰ ਪਵੇ, ਉਸਦੀ ਆਵਾਜ਼ ਦਾ ਉਦੋਂ ਤੱਕ ਪਤਾ ਨਹੀਂ ਚੱਲਦਾ ਜਦ ਤੱਕ ਵਜਾ ਕੇ ਨਾ ਦਿਖਾਵੇ। ਵਾਜਾ ਵਜੇਗਾ ਤਾਂ ਅਸੀਂ ਅੰਦਾਜ਼ਾ ਲਗਾ ਲਵਾਂਗੇ ਕਿ ਵਾਜਾ ਹੈ। ਇਹ *'ਆਹਤ'* ਸ਼ਬਦ ਹੈ। *ਪਰ ਇੱਕ 'ਅਨਾਹਤ' ਸ਼ਬਦ ਹੈ ਜੋ ਨਿਰੰਤਰ ਵੱਜ ਰਿਹਾ ਹੈ। ਉਸਨੂੰ ਕੋਈ ਵਜਾਉਂਦਾ ਨਹੀਂ। ਉਹ ਆਦਿ ਕਾਲ ਤੋਂ ਹੀ ਵੱਜ ਰਿਹਾ ਹੈ। ਪਰਮੇਸ਼ਰ ਨੇ ਜੋ ਸਾਜਨਾ ਕੀਤੀ ਹੈ ਉਸੇ ਸ਼ਬਦ ਤੋਂ ਕੀਤੀ ਹੈ। ਪਰਮੇਸ਼ਰ ਦੀ ਸੁੰਨ ਸਮਾਧੀ ਵਿੱਚ ਭੀ ਉਹੀ ਸ਼ਬਦ ਬਿਰਾਜਮਾਨ ਸੀ।*

ਗੁਪਤਾ ਨਾਮ ਵਰਤੈ ਵਿਚਿ ਕਲਜੁਗਿ
ਘਟਿ ਘਟਿ ਹਰਿ ਭਰਪੂਰਿ ਰਹਿਆ।।
(ਪੰਨਾ ੧੩੩੪)

ਪਰ

ਰਸਨਾ ਨਾਮੁ ਸਭੁ ਕੋਈ ਕਹੈ।।
ਸਤਿਗੁਰ ਸੇਵੇ ਤਾ ਨਾਮੁ ਲਹੈ।। (ਪੰਨਾ ੧੨੬੨)

ਪ੍ਰਭੂ ਦਾ ਨਾਮੁ ਨਿਰੰਤਰ ਵੱਜ ਰਿਹਾ ਹੈ। ਉਸਦਾ ਸਬੂਤ ਸਾਡੇ ਪਾਸ ਇਹ ਹੈ। ਜਦੋਂ ਸੱਤਾ ਤੇ ਬਲਵੰਡ, ਗੁਰੂ ਘਰ ਦੇ ਰਬਾਬੀਆਂ ਨੇ ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀ ਸੀ ਤਾਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪ ਜਦੋਂ ਕੀਰਤਨ ਕਰਨ ਲੱਗੇ ਤਾਂ ਉਹ ਪਹਿਲਾਂ ਕਿਸੇ ਸਕੂਲ ਵਿਚੋਂ ਸਿੱਖਣ ਗਏ ਸੀ ? ਨਹੀਂ, ਨਿਰੰਤਰ ਅਨਹਦ ਦਾ ਸ਼ਬਦ ਵੱਜ ਰਿਹਾ ਸੀ। ਜਦੋਂ ਸਾਹਿਬਾਂ ਦੀ ਸੁਰਤ ਨਿਰੰਕਾਰ ਵਿੱਚ ਟਿਕੀ ਤਾਂ ਉਹੀ ਸ਼ਬਦ ਰਸਨਾ ਤੇ ਆ ਕੇ ਉਚਾਰਣ ਹੋ ਗਿਆ। ਨਿਰੰਤਰ ਸ਼ਬਦ ਅਨਾਹਦ ਵਿੱਚ ਗੂੰਜ ਰਿਹਾ ਸੀ, ਤਾਹੀਓਂ ਸਾਹਿਬ ਕਹਿੰਦੇ ਹਨ ਇਹ ਬਾਣੀ ਆਈ ਹੈ। ਇਸੇ ਲਈ ਸਾਹਿਬ ਨੇ ਕਿਹਾ-

ਹਉ ਆਪਹੁ ਬੋਲਿ ਨਾ ਜਾਣਦਾ,
ਮੈ ਕਹਿਆ ਸਭੁ ਹੁਕਮਾਉ ਜੀਉ।। (ਪੰਨਾ ੭੬੩)

ਜੇਕਰ ਕਿਸੇ ਦੀ ਸਿਖਾਈ ਹੁੰਦੀ, ਜੇਕਰ ਕਿਸੇ ਦੀ


www.AKJ.Org

ਬੋਲੀ ਬੁਲਾਈ ਹੁੰਦੀ ਤਾਂ ਹਰ ਬੋਲਣ ਵਾਲਾ ਕਹਿੰਦਾ ਮੈਂ ਬੋਲੀ ਹੈ। ਪਰ ਇਹ ਤਾਂ ਬਾਣੀ ਆਈ ਹੈ। ਕਿਥੋਂ ਆਈ ਹੈ ?

**ਧੁਰ ਕੀ ਬਾਣੀ ਆਈ।।** (ਪੰਨਾ ੬੨੮)

ਇਸੇ ਲਈ ਸਾਹਿਬ ਨੇ ਕਿਹਾ–

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨ ਵੇ ਲਾਲੋ।।** (ਪੰਨਾ ੭੨੨)

ਇਹ ਤਾਂ ਨਿਰੰਤਰ ਅਨਾਹਦ ਸ਼ਬਦ ਵੱਜ ਰਿਹਾ ਹੈ। ਨਿਰੰਤਰ ਵੱਜ ਰਹੇ ਅਨਾਹਦ ਸ਼ਬਦ ਦੀ ਗੂੰਜ ਪੈ ਰਹੀ ਹੈ–

**ਗੁਰਸਬਦੀ ਗੋਵਿੰਦੁ ਗਜਿਆ।।** (ਪੰਨਾ ੧੩੧੫)

ਇਹੋ ਅਨਾਹਦ ਸ਼ਬਦ ਹੀ ਸੁੱਤੀ ਹੋਈ ਸੁਰਤੀ ਨੂੰ ਜਗਾਉਂਦਾ ਹੈ। ਬੰਦਾ ਕਿਉਂ ਭਟਕਦਾ ਹੈ ? ਕਿਉਂਕਿ ਉਸ ਦੀ ਸੁਰਤ ਸੁੱਤੀ ਹੋਈ ਹੈ। ਭਟਕਦਾ ਕਿਉਂ ਹੈ ? ਕਿਉਂਕਿ ਮਨ ਰੂਪੀ ਹਾਥੀ ਨੂੰ ਭੁਲੇਖਿਆ ਦੇ ਮਗਰਮੱਛ ਨੇ ਫੜਿਆ ਹੋਇਆ ਹੈ। ਇਹ ਮਨੁੱਖ ਖੁਰਾਕ ਖਾਂਦਾ ਹੈ। ਜੇਕਰ ਖੁਰਾਕ ਸ਼ੁੱਧ ਹੈ ਤਾਂ ਮਨੁੱਖ ਦੇ ਅੰਦਰ ਖੂਨ ਵੀ ਸ਼ੁੱਧ ਰਹੇਗਾ। ਚੰਗੀ ਖੁਰਾਕ ਖਾਣ ਵਾਲੇ ਨੂੰ ਚੰਗਾ ਖੂਨ ਮਿਲੇਗਾ। ਇਸਦੀਆਂ ਅੰਤੜੀਆਂ ਚੰਗੀ ਖੁਰਾਕ ਨੂੰ ਚੰਗੀ ਤਰ੍ਹਾਂ ਹਜ਼ਮ ਕਰਨਗੀਆਂ। ਪਰ ਜੇਕਰ ਮਨੁੱਖ ਖੁਰਾਕ ਮਾੜੀ ਖਾਏ ਤਾਂ ਬੀਮਾਰੀ ਹੋ ਜਾਏਗੀ। ਕਈ ਵਾਰੀ ਮਾੜੀ ਖੁਰਾਕ ਖਾਣ ਨਾਲ ਐਸੀਆਂ ਭੈੜੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ ਜਿਨ੍ਹਾਂ ਨੂੰ ਛੂਤ ਦੀ ਬੀਮਾਰੀ ਕਿਹਾ ਜਾਂਦਾ ਹੈ। ਛੂਤ ਦੀ ਬੀਮਾਰੀ ਇੱਕ ਤੋਂ ਦੂਸਰੇ, ਦੂਸਰੇ ਤੋਂ ਤੀਸਰੇ ਤੱਕ ਫੈਲਦੀ ਹੈ ਤਾਂ ਕਿਹਾ ਜਾਂਦਾ ਹੈ ਕਿ ਇਸ ਬੀਮਾਰੀ ਦੀ ਰੋਕਥਾਮ ਜਲਦੀ ਤੋਂ ਜਲਦੀ ਹੋਣੀ ਚਾਹੀਦੀ ਹੈ। ਕਿਤੇ ਐਸਾ ਨਾ ਹੋਵੇ ਜੇ ਇਹ ਬੀਮਾਰੀ ਫੈਲ ਗਈ ਫਿਰ ਇਸਦਾ ਇਲਾਜ ਕਰਨਾ ਔਖਾ ਹੋ ਜਾਵੇਗਾ। ਇਸਦਾ ਭਾਵ ਇਹ ਹੋਇਆ, *ਜੇਕਰ ਸਰੀਰ ਨੂੰ ਖੁਰਾਕ ਦੀ ਲੋੜ ਹੈ, ਆਹਾਰ ਦੀ ਲੋੜ ਹੈ ਤਾਂ ਫਿਰ ਦਿਮਾਗ ਨੂੰ ਭੀ 'ਵੀਚਾਰ' ਦੀ ਲੋੜ ਹੈ। ਜੇਕਰ ਸ਼ੁੱਧ ਖੁਰਾਕ ਖਾਣ ਨਾਲ ਸ਼ੁੱਧ ਖੂਨ ਬਣਦਾ ਹੈ ਤਾਂ ਜੇ ਦਿਮਾਗ ਨੂੰ ਭੀ ਵੀਚਾਰ ਸ਼ੁੱਧ ਮਿਲਣ ਤਾਂ ਦਿਮਾਗ ਭੀ ਸ਼ੁੱਧ ਖਿਆਲ ਪੈਦਾ ਕਰਦਾ ਹੈ। ਜੇਕਰ ਦਿਮਾਗ ਨੂੰ ਭੈੜੇ ਵੀਚਾਰ ਮਿਲਣ ਤਾਂ ਦਿਮਾਗ ਖਰਾਬ ਹੋ ਜਾਏਗਾ।* ਜਿਵੇਂ ਦਿਮਾਗ ਨੂੰ ਮਾੜੇ ਵੀਚਾਰ ਮਿਲਣਗੇ ਅੱਗੋਂ ਇਹ ਛੂਤ ਦੀ ਬੀਮਾਰੀ ਫੈਲ ਜਾਏਗੀ। ਜਿਸ ਦੇ ਦਿਮਾਗ ਨੂੰ ਮਾੜੇ ਵੀਚਾਰ ਮਿਲ ਗਏ, ਉਹ ਅੱਗੋਂ ਮਾੜੇ ਵੀਚਾਰ ਵੰਡੇਗਾ। ਜਿੱਥੇ ਜਿੱਥੇ ਜਾਏਗਾ ਬੁਰੇ ਖਿਆਲ ਪੈਦਾ ਹੋਣਗੇ। ਜਿਸ ਦਾ ਦਿਮਾਗ ਬੀਮਾਰ ਹੋ ਗਿਆ ਤਾਂ ਸਮਝ ਲੈਣਾ, ਮਨੁੱਖਤਾ ਬੀਮਾਰ ਹੋ ਗਈ। ਜਿਸਦਾ ਦਿਮਾਗ ਬੀਮਾਰ ਹੋ ਗਿਆ ਤਾਂ ਉਸ ਦੇ ਹੱਥ ਵਿੱਚ ਫੜੀ ਹੋਈ ਕਲਮ ਜਵਾਨੀ ਤਬਾਹ ਕਰ ਦਿੰਦੀ ਹੈ। ਉਸਦੇ ਹੱਥ ਵਿੱਚ ਫੜੀ ਹੋਈ ਕਲਮ ਮਨੁੱਖ ਦੇ ਜੀਵਨ ਨੂੰ ਗੁੰਮਰਾਹ ਕਰ ਦਿੰਦੀ ਹੈ। ਅੱਜ ਮਨੁੱਖ ਦੀ ਜਵਾਨੀ ਕਿਉਂ ਤਬਾਹ ਹੋ ਰਹੀ ਹੈ ? ਅੱਜ ਮਨੁੱਖ ਦਾ ਆਚਰਣ ਕਿਉਂ ਤਬਾਹ ਹੋ ਰਿਹਾ ਹੈ ? ਅੱਜ ਮਨੁੱਖ ਦਾ ਜੀਵਨ ਕਿਉਂ ਤਬਾਹ ਹੋ ਰਿਹਾ ਹੈ ? ਕਿਉਂਕਿ ਉਨ੍ਹਾਂ ਕਲਮਾਂ ਦੇ ਲਿਖੇ ਹੋਏ ਲੇਖ ਜਿਨ੍ਹਾਂ ਦਾ ਦਿਮਾਗ ਬੀਮਾਰ ਹੈ, ਮਨੁੱਖਤਾ ਨੂੰ ਤਬਾਹ ਕਰ ਰਹੇ ਹਨ। ਇੱਕ ਬੀਮਾਰ ਦਿਮਾਗ ਦੀ ਕਲਮ ਨੇ ਇਹ ਲਿਖਿਆ ਹੈ ਕਿ ਜਿਹੜੀ ਗੱਲ ਦੇਖੀ ਨਾ ਜਾਵੇ, ਉਹ ਮੰਨੀ ਨਾ ਜਾਵੇ। ਅੱਜ ਵਿਗਿਆਨ ਨੇ ਬੜੀ ਤਰੱਕੀ ਕੀਤੀ ਹੈ। ਇਤਨੇ ਮਾਈਕਰੋਸਕੋਪ ਹੋ ਗਏ, ਇਤਨੀਆਂ ਖੁਰਦਬੀਨਾਂ ਹੋ ਗਈਆਂ ਜਿਹੜੀਆਂ ਸੂਖਸ਼ਮ ਤੋਂ ਸੂਖਸ਼ਮ ਤੱਤ ਨੂੰ ਵੇਖ ਲੈਂਦੀਆਂ ਹਨ। ਫਿਰ ਉਹ ਕਹਿੰਦੇ ਹਨ, *"ਪਰਮਾਤਮਾ ਦਿਖਾਈ ਨਹੀਂ ਦਿੰਦਾ ਉਸ ਨੂੰ ਕਿਉਂ ਮੰਨਿਆ ਜਾਵੇ ?"* ਇੱਕ ਬੀਮਾਰ ਦਿਮਾਗ ਦੀ ਕਲਮ ਹੈ, ਉਹ ਲਿਖਦੀ ਹੈ ਰੱਬ ਨੂੰ ਕਿਉਂ ਮੰਨਿਆ ਜਾਏ ? ਜੇ ਉਸ ਨੂੰ ਕਹੋ ਨਾਮ ਜਪੋ ਤਾਂ ਕਹਿੰਦੇ ਹਨ, *"ਕਿਉਂ ਜਪੀਏ ਜਦ ਰੱਬ ਦਿਖਾਈ ਨਹੀਂ ਦਿੰਦਾ ?"* ਜੇ ਉਨ੍ਹਾਂ ਨੂੰ ਪੁਛੀਏ ਕਿ ਜੀਵਨ ਵਿੱਚ ਜੋ ਚੀਜਾਂ ਤੁਸੀਂ ਵਰਤਦੇ ਹੋ ਜਾਂ ਜੋ ਵੀ ਸੁਖ ਦੇ ਸਾਧਨ ਤੁਸੀਂ ਲੱਭੇ ਹਨ ਕੀ ਹਰ ਵਸਤੂ ਤੁਹਾਨੂੰ ਦਿਖਾਈ ਦਿੰਦੀ ਹੈ ? ਕੀ ਕਿਸੇ ਨੇ ਭੁੱਖ ਵੇਖੀ ਹੈ ? ਫਿਰ ਖਾਂਦਾ ਕਿਉਂ ਹੈ ? ਕੀ ਕਿਸੇ ਨੇ ਪਿਆਸ ਵੇਖੀ ਹੈ ? ਫਿਰ ਪੀਂਦਾ ਕਿਉਂ ਹੈ ? ਕੀ ਕਿਸੇ ਨੇ ਨੀਂਦ ਵੇਖੀ ਹੈ ? ਫਿਰ ਸੌਂਦਾ ਕਿਉਂ ਹੈ ? ਜੇਕਰ ਭੁੱਖ ਨਹੀਂ ਵੇਖੀ, ਫਿਰ ਵੀ ਖਾਈ ਜਾਂਦਾ ਹੈ। ਜੇਕਰ ਪਿਆਸ ਨਹੀਂ ਵੇਖੀ, ਜੇ ਤੂੰ ਨੀਂਦਰ ਨਹੀਂ ਵੇਖੀ ਤੇ ਸੌਂ ਜਾਂਦਾ ਹੈ। ਕੀ ਤੂੰ ਸੈਂਟਰ ਆਫ ਗਰੈਵਿਟੀ ਵੇਖੀ ਹੈ ? ਤੂੰ ਫਿਰ ਉਸ ਦੇ ਆਧਾਰ ਤੇ ਸਾਇੰਸ ਨੂੰ ਆਲੇ ਦੁਆਲੇ ਘੁਮਾਇਆ ਹੋਇਆ ਹੈ। ਜੇਕਰ ਤੂੰ ਬਿਨਾਂ ਦੇਖੇ ਤੋਂ ਪਾਣੀ ਪੀ ਸਕਦਾ ਹੈਂ, ਜੇ ਭੁੱਖ ਨੂੰ ਬਿਨਾਂ ਦੇਖੇ ਤੋਂ ਤੂੰ ਖਾਣਾ ਖਾ ਸਕਦਾ ਹੈਂ, ਜੇ ਬਿਨਾਂ ਦੇਖੇ ਤੋਂ ਤੂੰ ਖਾਣਾ ਖਾ ਸਕਦਾ ਹੈ ਜੇ ਬਿਨਾਂ ਦੇਖੇ ਤੋਂ ਨੀਂਦ ਲੈ ਸਕਦਾ ਹੈ ਤਾਂ ਫਿਰ ਭਾਈ ਜਾਂ ਤਾਂ ਖਾਣਾ ਨਾ ਖਾ, ਜਾਂ ਫਿਰ ਪਾਣੀ ਨਾ ਪੀ, ਜਾਂ ਫਿਰ ਸੌਂ ਨਾ, ਨਹੀਂ ਤਾਂ ਤੂੰ ਪਰਮਾਤਮਾ ਦਾ ਨਾਮ ਭੀ ਜਪ। ਜਦੋਂ ਕੋਈ ਬੰਦਾ ਖਾਣਾ ਖਾਂਦਾ ਹੈ, ਹਾਲਾਂ ਕਿ ਭੁੱਖ ਨਹੀਂ ਵੇਖੀ ਪਰ



www.AKJ.Org

ਖਾਂਦਿਆਂ ਖਾਂਦਿਆਂ ਕਹਿੰਦਾ ਹੈ ਮੈਂ ਰੱਜ ਗਿਆ ਹਾਂ, ਪਾਣੀ ਪੀਂਦਿਆਂ ਪੀਂਦਿਆਂ ਕਹਿੰਦਾ ਹੈ, ਮੇਰੀ ਪਿਆਸ ਬੁੱਝ ਗਈ ਹੈ, ਸੁੱਤਿਆਂ ਸੁੱਤਿਆਂ ਉਠਦਾ ਹੈ, ਕਹਿੰਦਾ ਹੈ ਮੇਰੀ ਨੀਂਦ ਪੂਰੀ ਹੋ ਗਈ ਹੈ। ਹੇ ਮਨੁੱਖ ! ਕੀ ਤੂੰ ਆਪਣੀਆਂ ਅੱਖਾਂ ਨੂੰ ਆਪ ਵੇਖਿਆ ਹੈ ? ਜੇ ਤੂੰ ਆਪਣੀਆਂ ਅੱਖਾਂ ਨੂੰ ਹੀ ਨਹੀਂ ਵੇਖਿਆ ਤਾਂ ਕੀ ਤੂੰ ਨੇਤਰਹੀਣ ਹੈਂ ? ਅੱਖਾਂ ਵਿਚ ਪਿਆ ਹੋਇਆ ਸੁਰਮਾ ਕੀ ਤੁਹਾਡੀਆਂ ਅੱਖਾਂ ਆਪ ਹੀ ਦੇਖ ਲੈਣਗੀਆਂ ? ਜੇ ਤੂੰ ਆਪਣੀਆਂ ਅੱਖਾਂ ਨੂੰ ਆਪ ਨਹੀਂ ਦੇਖ ਸਕਦਾ ਪਰ ਜਦੋਂ ਤੂੰ ਕਿਸੇ ਨੂੰ ਵੇਖਦਾ ਹੈਂ ਤੂੰ ਕਹਿੰਦਾ ਹੈਂ, ਮੈਂ ਹੀ ਦੇਖ ਰਿਹਾ ਹਾਂ, ਮੇਰੀਆਂ ਅੱਖਾਂ ਹਨ, ਮੇਰੇ ਹੀ ਅੰਦਰ ਹਨ। ਜੇ ਤੂੰ ਇਤਨਾ ਅਨੁਭਵ ਕਰ ਲੈਂਦਾ ਹੈਂ ਤਾਂ ਕਦੇ ਇਹ ਵੀ ਸੋਚਿਆ ਕਰ ਕਿ ਪਰਮਾਤਮਾ ਹੀ ਮੇਰੀਆਂ ਅੱਖਾਂ ਵਿਚੋਂ ਵੇਖ ਰਿਹਾ ਹੈ, ਉਹ ਮੇਰਾ ਹੈ, ਉਹ ਮੇਰੇ ਅੰਦਰ ਬੈਠਾ ਹੈ, ਤੇ ਹੇ ਮਨੁੱਖ ! ਤੈਨੂੰ ਪਰਮਾਤਮਾ ਦਾ ਭੀ ਅਨੁਭਵ ਹੋ ਜਾਏਗਾ। ਕਿਸੇ ਬੰਦੇ ਨੇ ਕਿਸੇ ਮਹਾਤਮਾ ਨੂੰ ਰੋਜ਼ਾਨਾ ਹੀ ਸੁਆਲ ਕੀਤਾ, "ਤੁਸੀਂ ਰੋਜ਼ਾਨਾ ਕਹਿੰਦੇ ਹੋ ਪਰਮਾਤਮਾ ਹੈ, ਦਿਖਾਓ ਪਰਮਾਤਮਾ ਕਿਥੇ ਹੈ ?" ਇਸ ਨਾਸਤਕ ਨੂੰ ਗਿਲਾ ਹੈ ਕਿ ਮੈਂ ਕਿਸੇ ਮਹਾਤਮਾ ਕੋਲ ਜਾਂਦਾ ਹਾਂ ਜਦੋਂ ਪੁੱਛਦਾ ਹਾਂ ਪਰਮਾਤਮਾ ਕਿਥੇ ਹੈ, ਮਹਾਤਮਾ ਅੱਗੋਂ ਅੱਖਾਂ ਮੀਚ ਲੈਂਦਾ ਹੈ। ਫਿਰ ਪੁੱਛਦਾ ਹਾਂ ਕਿ ਪਰਮਾਤਮਾ ਕਿਥੇ ਹੈ ? ਮਹਾਤਮਾ ਅੱਖਾਂ ਖੋਲ੍ਹ ਕੇ ਕੁੱਝ ਗਾਣਾ ਸ਼ੁਰੂ ਕਰ ਦਿੰਦਾ ਹੈ, ਦਿਲ ਵਿੱਚ ਕੁੱਝ ਬੋਲਣਾ ਸ਼ੁਰੂ ਕਰ ਦਿੰਦਾ ਹੈ। ਤੀਸਰੀ ਵਾਰ ਫਿਰ ਪੁੱਛਦਾ ਹਾਂ, ਮਹਾਤਮਾ ਜੀ ! ਪਰਮਾਤਮਾ ਕਿੱਥੇ ਹੈ ?, ਤਾਂ ਉਹ ਰੋਣਾ ਸ਼ੁਰੂ ਕਰ ਦਿੰਦਾ ਹੈ। ਜੇ ਮੈਂ ਫਿਰ ਪੁੱਛਦਾ ਹਾਂ ਪਰਮਾਤਮਾ ਕਿੱਥੇ ਹੈ ਤਾਂ ਹੱਸਣਾ ਸ਼ੁਰੂ ਕਰ ਦਿੰਦਾ ਹੈ। ਨਾਸਤਕ ਕਹਿੰਦਾ ਹੈ, "ਹੇ ਮਹਾਤਮਾ ਜੀ ! ਕੀ ਪਰਮਾਤਮਾ ਨਹੀਂ ਹੈ ?" ਤੁਸੀਂ ਜੁਆਬ ਨਹੀਂ ਦਿੰਦੇ। ਮਹਾਤਮਾ ਕਹਿਣ ਲੱਗੇ, "*ਤੇਰੇ ਪਾਸ ਸਿਰਫ ਖਿਆਲ ਹਨ, ਮੇਰੇ ਪਾਸ ਦੀਵਾਨਗੀ ਹੈ। ਦੀਵਾਨਗੀ ਤੇ ਖਿਆਲਾਂ ਵਿਚ ਅੰਤਰ ਹੁੰਦਾ ਹੈ। ਮੈਂ ਦੀਵਾਨਗੀ ਵਿਚ ਇਹ ਸਮਝ ਬੈਠਾ ਹਾਂ, ਉਹ ਹੱਸਦਾ ਭੀ ਆਪ ਹੈ, ਰੋਂਦਾ ਭੀ ਆਪ ਹੈ, ਗਾਉਂਦਾ ਭੀ ਆਪ ਹੈ, ਮਸਤੀ ਵਿਚ ਅੱਖਾਂ ਭੀ ਮੀਚ ਲੈਂਦਾ ਹੈ।*" ਨਾਸਤਕ ਕਹਿਣ ਲੱਗਾ, "*ਮੈਂ ਕਿਵੇਂ ਮੰਨਾਂ ? ਮੈਨੂੰ ਪਰਮਾਤਮਾ ਦਿਖਾਈ ਨਹੀਂ ਦਿੰਦਾ।*" ਜਦੋਂ ਨਾਸਤਕ ਨੇ ਬਾਰ ਬਾਰ ਕਿਹਾ ਮੈਨੂੰ ਪਰਮਾਤਮਾ ਦਿਖਾਓ, ਮੈਨੂੰ ਪਰਮਾਤਮਾ ਦਿਖਾਓ ਤਾਂ ਨੇੜੇ ਹੀ ਪਿਆ ਇਕ ਛੋਟਾ ਜਿਹਾ ਰੋੜਾ ਪਿਆ ਸੀ, ਮਹਾਤਮਾ ਨੇ ਉਹ ਰੋੜਾ ਚੁੱਕ ਕੇ ਉਸਦੇ ਗਿੱਟੇ ਤੇ ਮਾਰਿਆ, ਜਦੋਂ ਰੋੜਾ ਗਿੱਟੇ ਤੇ ਵੱਜਿਆ ਤਾਂ ਉਹ ਨਾਸਤਕ ਕਹਿਣ ਲੱਗਾ, ਮੈਨੂੰ ਉਮੀਦ ਨਹੀਂ ਸੀ ਕਿ ਸੰਤ ਵੱਟੇ ਮਾਰਦੇ ਹਨ। ਮੈਨੂੰ ਤੁਹਾਡੇ ਤੇ ਉਮੀਦ ਨਹੀਂ ਸੀ ਕਿ ਤੁਸੀਂ ਇਸ ਤਰ੍ਹਾਂ ਕਰੋਗੇ। ਸੰਤ ਕਹਿਣ ਲੱਗੇ, "*ਤੈਨੂੰ ਕੀ ਹੋਇਐ ?*" ਨਾਸਤਕ ਕਹਿਣ ਲੱਗਾ, "*ਤੁਹਾਡੇ ਵੱਟਾ ਮਾਰਨ ਨਾਲ ਮੈਨੂੰ ਦਰਦ ਹੋਇਆ ਹੈ।*" ਸੰਤ ਕਹਿਣ ਲੱਗੇ, "*ਦਰਦ ਗਿੱਟੇ ਵਿੱਚ ਹੈ ?*" ਸੰਤ ਕਹਿਣ ਲੱਗੇ ਗਿੱਟਾ ਤਾਂ ਨਜ਼ਰ ਆਉਂਦਾ ਹੈ ਪਰ ਦਰਦ ਦਿਖਾ ਕਿੱਥੇ ਹੈ ? ਰੋੜਾ ਮੈਂ ਮਾਰਿਆ ਹੈ ਫਿਰ ਦਰਦ ਤੈਨੂੰ ਰੱਖਣ ਦੀ ਕੀ ਲੋੜ ਹੈ ? ਮੈਨੂੰ ਪਕੜਾ ਦੇ। ਅੱਜ ਕਲ ਤਾਂ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ, ਸਾਇੰਸਦਾਨ ਹਰ ਚੀਜ਼ (ਪਕੜ) ਲੈਂਦੇ ਹਨ, ਇਸ ਲਈ ਤੂੰ ਦਰਦ ਮੈਨੂੰ ਪਕੜਾ ਦੇ। ਨਾਸਤਕ ਕਹਿਣ ਲੱਗਾ ਇਹ ਕਿਵੇਂ ਫੜਾਇਆ ਜਾ ਸਕਦਾ ਹੈ ? ਸੰਤ ਕਹਿਣ ਲੱਗੇ, "*ਇੱਕ ਦਰਦ ਨਹੀਂ ਫੜਾਇਆ ਜਾ ਸਕਦਾ, ਦਰਦ ਨਹੀਂ ਦੇਖਿਆ ਜਾ ਸਕਦਾ ਪਰ ਜਦੋਂ ਤੇਰਾ ਦਰਦ ਠੀਕ 'ਠੀਕ ਹੋ ਜਾਏਗਾ ਤੂੰ ਸਮਝੇਗਾ ਕਿ ਮੈਨੂੰ ਦਰਦ ਸੀ ਹੁਣ ਆਰਾਮ ਆ ਗਿਆ ਹੈ ?*" ਗੱਲ ਇਹੋ ਸਮਝਣ ਵਾਲੀ ਹੈ ਕਿ ਤੂੰ ਪਰਮਾਤਮਾ ਨੂੰ ਕਿਵੇਂ ਵੇਖ ਸਕਦਾ ਹੈ ? (ਚਲਦਾ)

## ਹੇ ਜਗਦੀਸ਼!

ਹੇ ਜਗਦੀਸ਼ !
ਨਾਮ ਦੀ ਅਸੀਸ
ਮੈਨੂੰ ਬਖ਼ਸ਼ ਦੇਹ।
ਨਾਮ ਜਪਾਂ ਦਿਨ ਰਾਤ
ਕਰਾਂ ਢਿੱਲ ਨਾ
ਇਹ ਲਕਸ਼ ਦੇਹ।
ਸੇਵਾ ਕਰਾਂ ਨਿਸ਼ਕਾਮ
ਨਾ ਧਰਾਂ ਗੁਮਾਨ
ਪਿਆਰੇ 'ਤੇਗ' ਜੀ।
ਚੱਤੋ ਪਹਿਰ ਧਿਆਨ
ਮਨ ਵਿਸ਼ਰਾਮ
ਇਹੋ ਲਖਸ਼ ਦੇਹ।



www.AKJ.Org

# ਵਾਰ ਮਾਰੂ ਡਖਣੇ (੯)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਡਖਣੇ ਮ: ੫।।

ਸਚੁ ਸੁਹਾਵਾ ਕਾਢੀਐ, ਕੂੜੈ ਕੂੜੀ ਸੋਇ।।
ਨਾਨਕ ਵਿਰਲੇ ਜਾਣੀਅਹਿ, ਜਿਨ ਸਚੁ ਪਲੈ ਹੋਇ।।੧।।
ਮ:੫।। ਸਜਣ ਮੁਖੁ ਅਨੂਪੁ, ਅਠੇ ਪਹਰ ਨਿਹਾਲਸਾ।।
ਸੁਤੜੀ ਸੋ ਸਹੁ ਡਿਠੁ, ਤੈ ਸੁਪਨੇ ਹਉ ਖੰਨੀਐ।।੨।।
ਮ:੫।। ਸਜਣ ਸਚੁ ਪਰਖਿ, ਮੁਖਿ ਅਲਾਵਣੁ ਥੋਥਰਾ।।
ਮਨ ਮੰਝਾਰੂ ਲਖਿ, ਤੁਧਹੁ ਦੂਰਿ ਨ ਸੁ ਪਿਰੀ।।੩।।

ਉਚਾਰਣ: ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ: ਜਾਣੀਅਹਿ-ਜਾਣੀਦੇ ਹਨ। ਨਿਹਾਲਸਾ-ਮੈਂ ਵੇਖਦੀ ਰਵ੍ਹਾਂ। ਹਉ-ਮੈਂ। ਮੰਝਾਹ-ਵਿਚ ਹੀ। ਤੁਧਹੁ-ਤੇਰੇ ਤੋਂ। ਕਾਢੀਐ-'ਕਾ' ਉਚਾਰਣ ਨਾਸਕੀ। ਪਹਰ-'ਹ' ਉਚਾਰਣ 'ਹਿ' ਵਾਂਗ ਨਹੀਂ। ਤੈ-(ਤਿਸ) ਉਚਾਰੰਣ ਨਾਸਕਤਾ ਬਿਨਾਂ।

ਪਦ ਅਰਥ : ਸਚੁ-ਸਦਾ-ਥਿਰ ਨਾਮ-ਧਨ। ਸੁਹਾਵਾ-ਸ਼ੋਭਨੀਕ। ਕਾਢੀਐ-ਆਖੀਦਾ ਹੈ। ਕੂੜੈ-ਝੂਠ (ਨਾਸਵੰਤ ਧਨ-ਪਦਾਰਥ) ਦੀ। ਕੂੜੀ ਸੁਇ-ਝੂਠੀ ਸ਼ੋਭਾ। ਜਾਣੀਅਹਿ-ਜਾਣੀਦੇ ਹਨ।੧।

ਅਨੂਪੁ-ਉਪਮਾ ਰਹਿਤ, ਜਿਸ ਦੀ ਮਿਸਾਲ ਕੋਈ ਨਹੀਂ। ਨਿਹਾਲਸਾ-ਮੈਂ ਵੇਖਦੀ ਰਵ੍ਹਾਂ। ਸੁਤੜੀ-ਸੁੱਤੀ ਹੋਈ ਨੇ। ਸਹੁ-ਪਤੀ। ਡਿਠੁ-ਵੇਖਿਆ। ਤੈ ਸੁਪਨੇ-ਉਸ ਸੁਪਨੇ ਤੋਂ। ਖੰਨੀਐ-ਕੁਰਬਾਨ, ਸਦਕੇ।੨।

ਸਜਣ-ਹੇ ਮਿੱਤਰ ! ਸਚੁ ਪਰਖਿ-ਸਦਾ-ਥਿਰ ਪ੍ਰਭੂ ਨੂੰ (ਮਨ ਕਰਕੇ) ਪਛਾਣ। ਮੁਖਿ-ਮੂੰਹੋਂ। ਅਲਾਵਣੁ-ਬੋਲਣਾ, ਆਖਣਾ। ਥੋਥਰਾ-ਥੋਥਾ, ਨਿਰਾਰਥ। ਮੰਝਾਰੂ-ਵਿਚ ਹੀ। ਲਖਿ-ਜਾਣ, ਵੇਖ। ਸੁ ਪਿਰੀ-ਉਹ ਪਿਆਰਾ (ਪ੍ਰਭੂ)।੩।

ਅਰਥ : 'ਸਚੁ' (ਸਦਾ-ਥਿਰ ਨਾਮ-ਧਨ) ਸ਼ੋਭਨੀਕ ਆਖੀਦਾ ਹੈ, 'ਝੂਠ' (ਨਾਸਵੰਤ ਧਨ-ਪਦਾਰਥ) ਦੀ ਸ਼ੋਭਾ ਝੂਠੀ (ਛਿਨ-ਭੰਗਰ) ਹੀ ਹੁੰਦੀ ਹੈ।

ਨਾਨਕ ! ਅਜਿਹੇ ਬੰਦੇ ਵਿਰਲੇ ਹੀ ਜਾਣੀਦੇ ਹਨ ਜਿਨ੍ਹਾਂ ਦੇ ਪੱਲੇ 'ਸਚ' (ਨਾਮ-ਧਨ) ਹੋਵੇ।੧।

ਮਿੱਤਰ (ਪ੍ਰਭੂ) ਦਾ ਮੁੱਖ (ਦੀਦਾਰ) ਅਨੂਪਮ (ਬੇਮਿਸਾਲ ਸੁੰਦਰ) ਹੈ, ਦਿਲ ਕਰਦਾ ਹੈ। ਅੱਠੇ ਪਹਰ (ਦਰਸ਼ਨ) ਵੇਖੀ ਹੀ ਜਾਵਾਂ।

ਸੁੱਤੀ ਹੋਈ ਨੇ ਉਹ ਪ੍ਰਭੂ-ਪਤੀ (ਸੁਪਨੇ ਵਿਚ) ਡਿੱਠਾ। ਉਸ ਸੁਭਾਗੇ ਸੁਪਨੇ ਤੋਂ ਮੈਂ ਕੁਰਬਾਨ ਹਾਂ!।੨।

ਪਿਆਰੇ ਮਿਤਰ ! ਸੱਚ ਨੂੰ (ਮਨ ਕਰਕੇ) ਪਛਾਣ। ਐਵੇਂ ਮੂੰਹ-ਜ਼ਬਾਨੀ (ਸੱਚ ਦੀ ਪਛਾਣ ਦੀ) ਦੰਦ-ਕਥਾ ਕਰੀ ਜਾਣਾ ਵਿਅਰਥ ਹੈ।

ਆਪਣੇ ਮਨ ਅੰਦਰ ਹੀ (ਉਸ ਪ੍ਰਭੂ-ਪ੍ਰੀਤਮ ਨੂੰ) ਪਛਾਣ, ਉਹ ਪਿਆਰਾ ਪ੍ਰੀਤਮ ਤੈਥੋਂ ਦੂਰ ਨਹੀਂ ਵਸਦਾ।੩।

ਪਉੜੀ

ਧਰਤਿ ਆਕਾਸੁ ਪਾਤਾਲੁ ਹੈ, ਚੰਦੁ ਸੂਰੁ ਬਿਨਾਸੀ।।
ਬਾਦਿਸਾਹ ਸਾਹ ਉਮਰਾਵ ਖਾਨ, ਢਾਹਿ ਡੇਰੇ ਜਾਸੀ।।
ਰੰਗ ਤੁਰੰਗ ਗਰੀਬ ਮਸਤ, ਸਭੁ ਲੋਕੁ ਸਿਧਾਸੀ।।
ਕਾਜੀ ਸੇਖ ਮਸਾਇਕਾ, ਸਭੇ ਉਠਿ ਜਾਸੀ।।
ਪੀਰ ਪੈਕਾਬਰ ਅਉਲੀਏ, ਕੋ ਥਿਰੁ ਨ ਰਹਾਸੀ।।
ਰੋਜਾ ਬਾਗ ਨਿਵਾਜ ਕਤੇਬ, ਵਿਣੁ ਬੁਝੇ ਸਭ ਜਾਸੀ।।
ਲਖ ਚਉਰਾਸੀਹ ਮੇਦਨੀ, ਸਭ ਆਵੈ ਜਾਸੀ।।
ਨਿਹਚਲੁ ਸਚੁ ਖੁਦਾਇ ਏਕੁ, ਖੁਦਾਇ ਬੰਦਾ ਅਬਿਨਾਸੀ।।੧੭।।

ਉਚਾਰਣ : ਬਾਦਿਸਾਹ, ਸਾਹ, ਸੇਖ, ਮਸਾਇਕਾ-'ਸ' ਉਚਾਰਣ ਵਿਸ਼ੇਸ਼ ਧੁਨੀ। ਮਸਾਇਕਾ-ਅੰਤਲੇ ਸੁਰ ਦਾ ਉਚਾਰਣ ਨਾਸਕਤਾ ਬਿਨਾਂ। ਪੈਕਾਬਰ-'ਕਾ' ਦਾ ਉਚਾਰਣ ਨਾਸਕੀ। ਬਾਗ-'ਬਾ' ਉਚਾਰਣ ਨਾਸਕੀ।

ਪਦ ਅਰਥ : ਧਰਤਿ-ਧਰਤੀ। ਆਕਾਸੁ-ਪੁਲਾੜ। ਪਾਤਾਲੁ-ਧਰਤੀ ਤੋਂ ਥਲੜਾ ਪਾਸਾ। ਸੂਰੁ-ਸੂਰਜ। ਬਿਨਾਸੀ-ਨਾਸ ਹੋ ਜਾਏਗਾ। ਉਮਰਾਵ-ਅਮੀਰ ਮਨੁੱਖ। ਖਾਨ-ਭਾਰੀ ਜਗੀਰਾਂ ਦੇ ਮਾਲਕ। ਢਾਹਿ-ਢਾਹ ਕੇ, ਵੈਰਾਨ ਕਰ ਕੇ। ਡੇਰੇ-ਟਿਕਾਣੇ, ਮਹਿਲ ਮਾੜੀਆਂ। ਰੰਗ-ਰੰਕ, ਕੰਗਾਲ, ਗਰੀਬ। ਤੁੰਗ-ਧਨੀ। ਮਸਤ-ਮਸਤ-ਮਲੰਗ, ਹੰਕਾਰੀ। ਸਭੁ ਲੋਕੁ-ਸਾਰਾ ਸੰਸਾਰ। ਸਿਧਾਸੀ-ਕੂਚ ਕਰ ਜਾਣਗੇ। ਮਸਾਇਕਾ-(ਫ਼ਾਰਸੀ) ਸ਼ੇਖ ਦਾ ਬਹੁ-ਵਚਨ। ਪੈਕਾਬਰ-ਪੈਗੰਬਰ, ਅਵਤਾਰ। ਅਉਲੀਏ-ਧਾਰਮਿਕ ਮੁਖੀਏ। ਥਿਰੁ-ਕਾਇਮ। ਕਤੇਬ-ਸਾਮੀ ਮੱਤ ਦੀਆਂ ਚਾਰ ਪੁਸਤਕਾਂ : ਕੁਰਾਨ, ਤੁਰੇਤ, ਅੰਜੀਲ, ਜੰਬੂਰ। ਮੇਦਨੀ-ਸ੍ਰਿਸ਼ਟੀ। ਨਿਹਚਲ-ਅਚੱਲ। ਖੁਦਾਇ ਬੰਦਾ-ਰੱਬ ਦਾ ਸੇਵਕ। ਅਬਿਨਾਸੀ-ਨਾਸ ਰਹਿਤ।

ਅਰਥ : ਧਰਤੀ ਹੈ, ਪੁਲਾੜ ਹੈ, ਪਾਤਾਲ (ਧਰਤੀ ਦਾ ਥਲੜਾ ਪਾਸਾ) ਹੈ, ਚੰਦ ਹੈ, ਸੂਰਜ ਹੈ, (ਸਾਰੇ ਦੇ ਸਾਰੇ)



www.AKJ.Org

ਨਾਸ਼ ਹੋ ਜਾਣ ਵਾਲੇ ਹਨ।

ਵੱਡੇ ਵੱਡੇ ਰਾਜੇ, ਧਨੀ, ਅਮੀਰ, ਸਰਦਾਰ (ਅਉਧ ਪੂਰੀ ਹੋਣ ਤੇ) ਆਪੋ ਆਪਣੇ ਟਿਕਾਣੇ ਵੈਰਾਨ ਕਰਕੇ (ਸੰਸਾਰ ਤੋਂ) ਕੂਚ ਕਰ ਜਾਣ ਵਾਲੇ ਹਨ।

ਕੀ ਕੰਗਾਲ, ਧਨਾਢ, ਕੀ ਗਰੀਬ, ਕੀ ਮਸਤ-ਮਲੰਗ, ਸਗੋਂ ਸਾਰੇ ਦਾ ਸਾਰਾ ਜਹਾਨ ਇਥੋਂ ਚਲੇ ਜਾਣ ਵਾਲਾ ਹੈ।

ਕਾਜ਼ੀ, ਸ਼ੇਖ (ਵੱਡੇ ਅਖਵਾਉਣ ਵਾਲੇ) ਅਤੇ ਅਗੋਂ ਉਹਨਾਂ ਦੇ ਵਡੇ ਸਾਰੇ ਹੀ ਇਥੋਂ ਉਠ ਜਾਣ ਵਾਲੇ ਹਨ।

ਪੀਰ, ਪੈਗੰਬਰ, ਧਰਮ ਦਾ ਰਾਹ ਦਿਖਾਉਣ ਵਾਲੇ (ਇਹਨਾਂ ਵਿੱਚੋਂ) ਕੋਈ ਵੀ ਸਦਾ ਲਈ ਏਥੇ ਇਸਥਿਤ (ਕਾਇਮ) ਰਹਿਣ ਵਾਲਾ ਨਹੀਂ।

ਰੋਜ਼ਾ ਰੱਖਣ ਵਾਲੇ, ਬਾਂਗ ਦੇਣ ਵਾਲੇ, ਨਮਾਜ਼ ਪੜ੍ਹਨ ਵਾਲੇ, ਕਤੇਬਾਂ (ਧਾਰਮਕ ਪੁਸਤਕਾਂ) ਪੜ੍ਹਨ ਵਾਲੇ, ਤੱਤ-ਸਾਰ ਸਮਝੇ ਬਗੈਰ ਸਾਰੇ (ਖਾਲੀ ਹੀ) ਚਲੇ ਜਾਣ ਵਾਲੇ ਹਨ।

ਪ੍ਰਿਥਵੀ ਦੇ ਚਉਰਾਸੀ ਲੱਖ ਜੂਨਾਂ ਦੇ ਜੀਵ-ਜੰਤੂ, ਭਾਵ, ਸਾਰੀ ਲੁਕਾਈ ਆਉਂਦੀ ਜਾਂਦੀ ਰਹਿੰਦੀ ਹੈ।

ਸੰਸਾਰ ਤੇ ਕਾਇਮ ਦਾਇਮ ਰਹਿਣ ਵਾਲਾ ਕੇਵਲ ਇਕੋ ਰੱਬ ਹੈ, ਜਾਂ ਫਿਰ ਰੱਬ ਦਾ ਸੇਵਕ ਨਾਸ-ਰਹਿਤ ਹੈ।੧੭।

ਡਖਣੇ ਮ: ੫।।

ਡਿਠੀ ਹਭ ਢੰਢੋਲਿ, ਹਿਕਸੁ ਬਾਝੁ ਨ ਕੋਇ।।
ਆਉ ਸਜਣ ਤੂ ਮੁਖਿ ਲਗੁ, ਮੇਰਾ ਤਨੁ ਮਨੁ ਠੰਢਾ ਹੋਇ।।੧।।
ਮ: ੫।। ਆਸਕੁ ਆਸਾ ਬਾਹਰਾ, ਮੂ ਮਨਿ ਵਡੀ ਆਸ।।
ਆਸ ਨਿਰਾਸਾ ਹਿਕੁ ਤੂ,
ਹਉ ਬਲਿ ਬਲਿ ਬਲਿ ਗਈਆਸੁ।।੨।।
ਮ: ੫।। ਵਿਛੋੜਾ ਸੁਣੇ ਡੁਖੁ, ਵਿਣੁ ਡਿਠੇ ਮਰਿਓਦਿ।।
ਬਾਝੁ ਪਿਆਰੇ ਆਪਣੇ, ਬਿਰਹੀ ਨਾ ਧੀਰੋਦਿ।।੩।।

ਉਚਾਰਣ :
ਹਉ-'ਉ' ਉਚਾਰਣ ਨਾਸਕੀ। ਆਸਕੁ-'ਸ' ਉਚਾਰਣ ਵਿਸ਼ੇਸ਼ ਧੁਨੀ।

ਪਦ ਅਰਥ : ਹਭ-ਸਾਰੀ ਲੋਕਾਈ। ਢੰਢੋਲਿ-ਪੇਖ ਪਰਖ ਕੇ। ਹਿਕਸੁ ਬਾਝੁ-ਇਕ ਤੋਂ ਬਗੈਰ। ਤੂ ਮੁਖਿ ਲਗਿ-ਤੂੰ ਮੇਰੇ ਮੂੰਹ ਲਗ, ਭਾਵ, ਮੈਨੂੰ ਦੀਦਾਰ ਬ਼ਖ਼ਸ਼।੧।

ਆਸਕੁ-ਪ੍ਰੀਤਵਾਨ, ਪ੍ਰੇਮੀ। ਆਸਾ ਬਾਹਰਾ-ਮਾਇਕੀ ਖ਼ਾਹਿਸ਼ ਤੋਂ ਮੁਕਤ। ਮੂ ਮਨਿ-ਮੇਰੇ ਮਨ ਵਿੱਚ। ਵਡੀ ਆਸ-ਬੜੀ ਤਕੜੀ (ਪ੍ਰਬਲ) ਆਸ ਹੈ। ਆਸ ਨਿਰਾਸਾ-ਮਾਇਕੀ ਆਸ ਤੋਂ ਖ਼ੁਦ ਨਿਰਲੇਪ ਤੇ ਹੋਰਨਾਂ ਨੂੰ ਨਿਰਲੇਪ ਕਰਨ ਵਾਲਾ (ਵਾਹਿਗੁਰੂ)। ਹਿਕੁ-ਇਕ। ਬਲਿ ਬਲਿ ਬਲਿ ਗਈਆਸੁ-ਬਾਰ ਬਾਰ ਸਦਕੇ ਜਾਂਦਾ ਹਾਂ।੨।

ਸੁਣੇ-(ਸੁਣਿ) ਸੁਣ ਕੇ। ਡੁਖੁ-ਦੁਖ। ਮਰਿਓਦਿ-(ਮਾਣੋ) ਮਰ ਜਾਂਦਾ ਹੈ। ਬਿਰਹੀ-ਪ੍ਰੀਤਵਾਨ, ਪ੍ਰੇਮੀ। ਨਾ ਧੀਰੋਦਿ-ਧੀਰਜ ਨਹੀਂ ਧਾਰ ਸਕਦਾ।੩।

ਅਰਥ : ਮੈਂ ਸਾਰੀ ਲੋਕਾਈ ਨਿਰਖ ਪਰਖ ਕੇ ਵੇਖ ਲਈ ਹੈ, ਇਕ (ਵਾਹਿਗੁਰੂ) ਤੋਂ ਬਿਨਾਂ (ਮੇਰਾ ਹਿਤੂ) ਕੋਈ ਨਹੀਂ ਹੈ।

ਪ੍ਰਭੂ-ਸੱਜਣ ! ਤੂੰ ਆ ਅਤੇ ਮੈਨੂੰ ਦੀਦਾਰ ਬ਼ਖ਼ਸ਼, ਤਾਂ ਜੁ ਮੇਰਾ (ਵਿਛੋੜੇ ਦੀ ਅੱਗ ਵਿੱਚ ਤਪਤ) ਮਨ ਤਨ ਠੰਢਾ ਠਾਰ ਹੋ ਜਾਵੇ।੧।

ਪੂਰਨ-ਪ੍ਰੀਤਵਾਨ ਤਾਂ ਸਦਾ ਆਸਾ (ਮਾਇਕੀ ਖਾਹਿਸ਼) ਤੋਂ ਮੁਕਤ ਹੋਣਾ ਚਾਹੀਦਾ ਹੈ, ਪਰ ਮੇਰੇ ਮਨ ਵਿੱਚ ਤਾਂ ਘਣੀ ਆਸ (ਮਾਇਕ ਖ਼ਾਹਿਸ਼) ਹੈ।

ਹੇ ਪ੍ਰਭੂ ! ਆਸਾ ਤੋਂ ਖੁਦ ਨਿਰਲੇਪ ਅਤੇ ਹੋਰਨਾਂ ਨੂੰ ਨਿਰਲੇਪ ਕਰਨ ਵਾਲਾ ਕੇਵਲ ਤੂੰ ਹੀ ਹੈਂ, ਮੈਂ ਤੈਥੋਂ ਵਾਰ ਵਾਰ ਸਦਕੇ ਜਾਂਦਾ ਹਾਂ।੨।

(ਪ੍ਰਭੂ ਦੇ ਦਰਸ-ਮਿਲਾਪ ਦਾ ਸੱਚਾ ਪ੍ਰੀਤਵਾਨ) ਵਿਛੋੜਾ ਸੁਣ ਕੇ ਦੁੱਖ ਮੰਨਦਾ ਹੈ, ਪ੍ਰਭੂ ਦੇ ਦੀਦਾਰ ਤੋਂ ਬਿਨਾਂ ਉਸ ਦਾ ਮਾਣੋ ਮਰਨ ਹੋ ਜਾਂਦਾ ਹੈ।

ਇਕ ਬਿਰਹੀ (ਸੱਚਾ ਪ੍ਰੀਤਵਾਨ) ਆਪਣੇ ਪਿਆਰੇ ਪ੍ਰੀਤਮ (ਦੇ ਦਰਸ-ਮਿਲਾਪ) ਬਗ਼ੈਰ ਕਦਾਚਿਤ ਧੀਰਜ ਨਹੀਂ ਧਰਦਾ।੩।

ਪਉੜੀ।।

ਤਟ ਤੀਰਥ ਦੇਵ ਦੇਵਾਲਿਆ, ਕੇਦਾਰੁ ਮਥੁਰਾ ਕਾਸੀ।।
ਕੋਟਿ ਤੇਤੀਸਾ ਦੇਵਤੇ, ਸਣੁ ਇੰਦ੍ਰੈ ਜਾਸੀ।।
ਸਿਮ੍ਰਿਤ ਸਾਸਤ੍ਰ ਬੇਦ ਚਾਰਿ, ਖਟੁ ਦਰਸ ਸਮਾਸੀ।।
ਪੋਥੀ ਪੰਡਿਤ ਗੀਤ, ਕਵਿਤ ਕਵਤੇ ਭੀ ਜਾਸੀ।।
ਜਤੀ ਸਤੀ ਸੰਨਿਆਸੀਆ, ਸਭਿ ਕਾਲੈ ਵਾਸੀ।।
ਮੁਨਿ ਜੋਗੀ ਦਿਗੰਬਰਾ, ਜਮੈ ਸਣੁ ਜਾਸੀ।।
ਜੋ ਦੀਸੈ ਸੋ ਵਿਣਸਣਾ, ਸਭ ਬਿਨਸਿ ਬਿਨਾਸੀ।।
ਥਿਰੁ ਪਾਰਬ੍ਰਹਮ ਪਰਮੇਸਰੋ, ਸੇਵਕੁ ਥਿਰੁ ਹੋਸੀ।।੧੮।।

ਉਚਾਰਣ : ਕਾਸੀ-'ਕਾ' ਉਚਾਰਣ ਨਾਸਕੀ : 'ਸ' ਉਚਾਰਣ ਵਿਸ਼ੇਸ਼ ਧੁਨੀ। ਦੇਵਾਲਿਆ, ਦਿਗੰਬਰਾ, ਸੰਨਿਆਸੀਆ-ਅੰਤਲੇ ਸੁਰਾਂ ਦਾ ਉਚਾਰਣ ਨਾਸਕਤਾ ਬਿਨਾਂ। ਇੰਦ੍ਰੈ-'ਇ' ਉਚਾਰਣ ਨਾਸਕੀ।

(ਬਾਕੀ ਪੰਨਾ ੩੦ ਤੇ .........)



www.AKJ.Org

# ਪ੍ਰੀਤਮ ਪਿਆਰਾ-ਵਾਹਦ ਜਰਨੈਲ

(ਪ੍ਰਿੰ: ਸੱਜਣ ਸਿੰਘ)

ਵਿਸ਼ਵ ਭਰ ਦੇ ਇਤਿਹਾਸ ਵਿੱਚ ਨੈਪੋਲੀਅਨ ਨੂੰ ਇੱਕ ਮਹਾਨ ਸੂਝਵਾਨ ਜਰਨੈਲ ਦੇ ਰੂਪ ਵਿੱਚ ਨਿਵੇਕਲਾ ਅਸਥਾਨ ਪ੍ਰਾਪਤ ਹੈ। ਉਸ ਨੇ ਅਸੰਭਵ ਨੂੰ ਸੰਭਵ ਬਣਾਉਣ ਦੀਆਂ ਕੁੱਝ ਪ੍ਰਾਪਤੀਆਂ ਤੋਂ ਬਾਅਦ ਆਖਿਆ ਕਿ ਸ਼ਬਦ Impossible (ਅਸੰਭਵ) ਕੇਵਲ ਮੂਰਖਾਂ ਦੀ ਡਿਕਸ਼ਨਰੀ ਵਿੱਚ ਹੈ। ਪਰ ਆਖਰੀ ਫੈਸਲਾਕੁਨ ਜੰਗ ਵਿੱਚ ਉਸ ਦੇ ਆਤਮ-ਸਮਰਪਣ ਨੇ ਕਥਨੀ ਤੇ ਕਰਨੀ ਦੀ ਵੱਡੀ ਦਰਾੜ ਨੂੰ ਨਸ਼ਰ ਕਰ ਦਿੱਤਾ। ਉਸ ਦੇ ਟਾਕਰੇ ਵਿੱਚ ਜਿਨ੍ਹਾਂ ਨਿਰਪੱਖ ਇਤਿਹਾਸਕਾਰਾਂ ਨੇ ਗੁਰੂ ਕਲਗੀਧਰ ਪਾਤਸ਼ਾਹ ਦੀਆਂ ਲਗਾਤਾਰ ਜੰਗਾਂ, ਖਾਸਕਰ ਚਮਕੌਰ ਸਾਹਿਬ ਦੇ ਸਾਕੇ ਵਿੱਚ ਜੁੱਧ ਨੀਤੀ, ਦ੍ਰਿੜ੍ਹ ਵਿਸ਼ਵਾਸ਼, ਚੜ੍ਹਦੀ ਕਲਾ, ਫੌਲਾਦੀ ਇਰਾਦੇ ਆਦਿਕ ਬੀਰ-ਰਸੀ ਗੁਣਾਂ ਨੂੰ ਇਤਿਹਾਸ ਦੀ ਰੌਸ਼ਨੀ ਨਾਲ ਮੇਲ ਕੇ ਤੌਕਿਆ ਹੈ ਉਨ੍ਹਾਂ ਦੀ ਜ਼ਬਾਨ ਗੁਰਦੇਵ ਜੀ ਨੂੰ ਵਾਹਦ ਜਰਨੈਲ, ਅਨੋਖਾ ਆਗੂ, ਅਦੁੱਤੀ ਧੀਰਜਵਾਨ ਪ੍ਰਬੰਧਕ ਤੇ ਕਮਾਲ ਦਾ ਜਥੇਦਾਰ ਕਹਿਣ ਤੇ ਮਜ਼ਬੂਰ ਹੋ ਗਈ ਤੇ ਉਨ੍ਹਾਂ ਦੀ ਕਲਮ ਦੀ ਰਵਾਨਗੀ, ਜੰਗੀ ਹੁਨਰਾਂ ਦੀ ਰੰਗਤ ਦਾ ਪ੍ਰਭਾਵ ਲੈ ਕੇ ਹੀ ਰਹੀ।

ਦਸ਼ਮੇਸ਼ ਸਤਿਗੁਰੂ ਦਾ ਕਿਸੇ ਹੋਰ ਧਾਰਮਕ ਆਗੂ ਜਾਂ ਦੇਸ਼ ਭਗਤ ਨਾਲ ਟਾਕਰਾ ਕਰਨਾ ਸਿਆਣਪ ਦੀ ਗੱਲ ਨਹੀਂ, ਕਿਉਂਕਿ ਗੁਰਦੇਵ ਜੀ ਦੀ ਸਮੁੱਚੀ ਸਖਸ਼ੀਅਤ ਰੂਹਾਨੀ ਖੂਬੀਆਂ ਦੀ ਸਮੂਰਿਤ ਹੈ ਤੇ ਸਰਬ-ਗੁਣ-ਨਿਪੁੰਨ ਵਿਅਕਤੀ ਦਾ ਸੰਸਾਰ ਵਿੱਚ ਕੋਈ ਜੋੜ ਨਹੀਂ ਹੁੰਦਾ। ਭਾਈ ਨੰਦ ਲਾਲ ਸਿੰਘ ਜੀ ਦੇ ਬਚਨ ਹਨ -

ਵਾਸਫਾਇ ਜ਼ਾਤਿ ਗੁਰ ਗੋਬਿੰਦ ਸਿੰਘ।।
ਵਾਸਿਲ ਅਜ਼ ਬਰਕਾਤਿ ਗੁਰ ਗੋਬਿੰਦ ਸਿੰਘ।।੧੩੨।।

ਦੇਖਿਆ ਜਾਂਦਾ ਹੈ ਕਿ ਦੁਨਿਆਵੀ ਜਰਨੈਲਾਂ ਦਾ ਹੱਕ-ਪ੍ਰਸਤੀ ਨਾਲ ਕੋਈ ਵਾਸਤਾ ਨਹੀਂ। ਉਨ੍ਹਾਂ ਦੀ ਰੁਚੀ ਤੇ ਤਵੱਜੋ ਸਦਾ ਹੀ ਲੜਾਈ ਜਿੱਤਣ ਵਿੱਚ ਹੁੰਦੀ ਹੈ, ਚਾਹੇ ਉਨ੍ਹਾਂ ਦੀ ਨੀਤੀ ਸਦਾਚਾਰਕ ਕੀਮਤਾਂ ਤੋਂ ਸੱਖਣੀ ਹੋਵੇ। ਆਪਣੇ ਮਿਸ਼ਨ ਦੀ ਪੂਰਤੀ ਲਈ ਸੱਚਾਈ ਦੇ ਇਨਸਾਫ਼ ਦਾ ਗਲਾ ਘੁੱਟਣਾ ਵੀ ਉਨ੍ਹਾਂ ਦੀ ਨੀਤੀ ਵਿੱਚ ਸ਼ਾਮਲ ਹੈ। ਵੈਰੀ ਨਾਲ ਜੂਝਣ ਲਈ ਅਨੇਕ ਉਪਾਉ ਅਮਲ ਵਿੱਚ ਲਿਆਉਂਦੇ ਹਨ ਪਰ ਅੰਮ੍ਰਿਤ ਵੇਲੇ ਜੂਝਣ ਦੇ ਅਰਥ ਤੋਂ ਬੇਖਬਰ ਹਨ। ਆਪਣਾ ਮਨ ਜਿੱਤਣ ਜਾਂ ਵੈਰੀ ਦਾ ਮਨ ਜਿੱਤਣ ਦਾ ਵਾਯੂ-ਮੰਡਲ ਤਾਂ ਹੁੰਦਾ ਹੀ ਨਹੀਂ। ਇਸ ਦੇ ਵਿਪਰੀਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਮਲ ਜਰਨੈਲ ਹੋਣ ਦੇ ਨਾਲ ਨਾਲ ਆਤਮਿਕ ਗਿਆਨ ਦੀ ਨਦੀ ਅਤੇ ਅਕਾਲੀ ਬਖ਼ਸ਼ਸ਼ ਦੇ ਸਾਗਰ ਹਨ :-

ਜਾਂ ਫ਼ਿਰੋਜ਼ਿ ਦਹਿਰ ਗੁਰ ਗੋਬਿੰਦ ਸਿੰਘ।।
ਫੈਜ਼ਿ ਹੱਕ ਰਾ ਸਾਹਿਰ ਗੁਰ ਗੋਬਿੰਦ ਸਿੰਘ।।੧੧੨।।

ਸੰਸਾਰ ਵਿੱਚ ਹੋਰ ਕਿਹੜਾ ਜਰਨੈਲ ਹੈ ਜਿਹੜਾ ਸਰੀਰਕ ਪੀੜਾਂ ਦਾ ਨਿਵਾਰਨ ਕਰਦਾ ਹੈ ਤੇ ਮਾਨਸਕ ਜ਼ਖ਼ਮਾਂ ਲਈ ਮਰਹੱਮ ਹੈ, ਅਕਾਲ ਪੁਰਖ ਦੀ ਜੋਤਿ ਦਾ ਚਮਤਕਾਰ ਵੀ ਹੈ ਤੇ ਜੰਗ ਵਿੱਚ ਵੈਰੀ ਦਾ ਜੋਸ਼ ਉਤਾਰਨ ਦੀ ਸਮਰੱਥਾ ਵੀ ਰੱਖਦਾ ਹੈ। "ਦੁਸ਼ਮਨ ਅਫਗਾਨ ਜੋਸ਼ਿ ਗੁਰ ਗੋਬਿੰਦ ਸਿੰਘ" (੧੨੩)

ਵਰਤਮਾਨ ਜੰਗਾਂ ਦੀ ਰੂਪ-ਰੇਖਾ ਬਹੁਤ ਬਦਲ ਚੁੱਕੀ ਹੈ, ਵੱਡੇ ਵੱਡੇ ਅਫ਼ਸਰਾਂ ਦੀ ਸਿੱਧੀ ਨਿਯੁਕਤੀ ਹੋ ਜਾਂਦੀ ਹੈ, ਪਰ ਪੁਰਾਤਨ ਸਮੇਂ ਵਿੱਚ ਜਰਨੈਲ ਦਾ ਸਿਪਾਹੀ ਹੋਣਾ ਬਹੁਤ ਜ਼ਰੂਰੀ ਸੀ। ਮਹਾਰਾਜਾ ਰਣਜੀਤ ਸਿੰਘ ਜਾਂ ਜਰਨੈਲ ਹਰੀ ਸਿੰਘ ਵੱਲ ਤੱਕੋ, ਉਹ ਇਨ੍ਹਾਂ ਪਦਵੀਆਂ ਤੱਕ ਆਪਣੇ ਬਾਹੂ ਬਲ, ਸਰੀਰਕ ਬਹਾਦਰੀ ਤੇ ਜੰਗੀ ਕਾਰਨਾਮਿਆਂ ਦੇ ਤੁਫੈਲ ਹੀ ਪੁੱਜੇ ਸਨ। ਹਜ਼ੂਰ ਨੂੰ ਨਿਡਰਤਾ ਤੇ ਬੀਰਤਾ ਦੀ ਗੁੜ੍ਹਤੀ ਜਨਮ ਤੋਂ ਹੀ ਮਿਲੀ ਸੀ। ਆਪ ਜੀ ਦੇ ਸਰੀਰ ਵਿੱਚ ਦਾਦਾ ਜੀ, ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਤੇ ਪਿਤਾ ਗੁਰੂ ਤੇਗ ਬਹਾਦਰ ਜੀ ਦਾ ਅਣਖੀ ਖ਼ੂਨ ਗਰਦਸ਼ ਕਰਦਾ ਸੀ। ਫਿਰ ਜਰਨੈਲ ਦਾ ਕੰਮ ਕੇਵਲ ਹੁਕਮ ਚਲਾਉਣਾ ਨਹੀਂ, ਹੁਕਮ ਚਲਾਉਣ ਤੇ ਹੁਕਮ ਮਨਾਉਣ ਦੀ ਯੋਗਤਾ ਰੱਖਣਾ ਵੀ ਹੁੰਦਾ ਹੈ। ਇਸ ਯੋਗਤਾ ਦਾ ਅਭਿਆਸ ਆਪ ਜੀ ਨੇ ਬਾਲ ਅਵਸਥਾ ਤੋਂ ਆਰੰਭ ਕੀਤਾ ਸੀ। ਹਾਣੀਆਂ ਦੀਆਂ ਟੋਲੀਆਂ ਬਣਾ ਕੇ, ਨਕਲੀ ਜੰਗਾਂ ਕਰਨੀਆਂ ਭਵਿੱਖ ਲਈ ਅਮਲੀ ਤਿਆਰੀ ਸੀ।

ਸਤਿਗੁਰੂ ਨਾਨਕ ਦੇਵ ਜੀ ਆਪਣੀ ਦਸਵੀਂ ਜੋਤਿ ਦਾ ਪ੍ਰਕਾਸ਼, ਪ੍ਰਤੱਖ ਰੂਪ ਵਿੱਚ, ਬਾਲ ਪ੍ਰੀਤਮ ਦੇ ਪਾਵਨ ਹਿਰਦੇ ਵਿੱਚ, ਕੇਵਲ ਨੌਂ ਸਾਲ ਦੀ ਉਮਰ ਵਾਲੇ ਬਾਲਕ ਵਿੱਚ ਕੀਤਾ ਤੇ ਧਾਰਮਿਕ ਅਗਵਾਈ ਦੀ ਜ਼ੁੰਮੇਵਾਰੀ ਸੌਂਪੀ। ਵਾਤਾਵਰਨ ਸੁਖਾਂਵਾਂ ਤੇ ਅਨੁਕੂਲ ਦਿਖਾਈ ਨਹੀਂ ਦਿੰਦਾ ਸੀ। ਸੰਬੰਧੀ ਖਾਰ ਖਾਂਦੇ ਸਨ, ਆਮ ਲੁਕਾਈ ਜ਼ੁਲਮ ਦੀ ਚੱਕੀ ਵਿੱਚ ਪਿਸੀ ਜਾ ਰਹੀ ਸੀ। ਰਾਜਿਆਂ ਨੂੰ ਆਪਣੀਆਂ ਰਿਆਸਤਾਂ ਕਾਇਮ ਰੱਖਣ ਦੀ ਪਈ ਹੋਈ ਸੀ ਤੇ ਉਨ੍ਹਾਂ ਨੂੰ ਇੱਕ ਮੁੱਠ ਹੋ ਕੇ ਲੜਨ ਦੀ ਬਜਾਏ ਖਰਾਜ ਦੇਣ ਵਿੱਚ ਸਲਾਮਤੀ



www.AKJ.Org

ਪਰਤੀਤ ਹੁੰਦੀ ਸੀ। ਔਰੰਗਜ਼ੇਬ ਦੇ ਅਨਿਆਏ ਵਿਰੁੱਧ ਕਿਹੜਾ ਆਵਾਜ਼ ਉਠਾਉਂਦਾ ? ਸਤਿਗੁਰੂ ਜੀ ਦਾ ਪਾਵਨ ਉਦੇਸ਼, ਸੰਤ ਉਬਾਰਨ ਤੇ ਦੁਸ਼ਟ ਸੰਘਾਰਨ ਦਾ ਸੀ, ਨਾ ਡਰਨ ਵਾਲਾ, ਨਾ ਡਰਾਉਣ ਵਾਲਾ ਜੰਗਜੂ ਸਿਪਾਹੀ ਬਣਾਉਣਾ ਸੀ, ਪਰ-ਉਪਕਾਰ ਲਈ ਅਣਖ ਦਾ ਪੁਤਲਾ, ਬੀਰਤਾ ਦਾ ਸਰੂਪ, ਸਿਰਲੱਥ ਸੂਰਮਾ ਬਣਾਉਣਾ ਸੀ। ਇਸ ਮੰਤਵ ਦੀ ਪੂਰਤੀ ਲਈ ਆਪ ਨੇ ਕੀ ਕੁੱਝ ਨਹੀਂ ਕੀਤਾ ? ਹਰੇਕ ਕਿਸਮ ਦੇ ਹਥਿਆਰ ਚਲਾਉਣੇ ਸਿੱਖੇ, ਸਿਪਾਹੀ ਵਾਂਗਰ ਮੈਦਾਨ ਵਿੱਚ ਲੜੇ, ਜੰਗ ਦੀਆਂ ਯੋਜਨਾਵਾਂ ਸਫਲਤਾ ਸਹਿਤ ਸਿਰੇ ਚੜ੍ਹਾਈਆਂ, ਕਮਾਂਡਰ ਦੇ ਰੂਪ ਵਿੱਚ ਜੰਗ ਵਿੱਚ ਕਮਾਨ ਸੰਭਾਲੀ, ਢੁੱਕਵੀਆਂ ਵਿਉਂਤਾ ਬਣਾਈਆ, ਸਾਲਾਹਾਂ ਲਈਆਂ, ਅੰਤਮ ਫੈਸਲੇ ਆਪਣੇ ਹੱਥ ਰੱਖੇ, ਸਦੈਵ ਚੇਤੰਨ ਰਹੇ ਤੇ ਆਪਣੀ ਸ਼ਕਤੀ ਦਾ ਪ੍ਰਯੋਗ ਯੋਗ ਅਵਸਰ ਆਉਣ ਤੇ ਕੀਤਾ।

ਗੁਰਦੇਵ ਜੀ ਦੀ ਸਾਰੀ ਆਯੂ, ਜੰਗਾਂ ਤੇ ਲੜਾਈਆਂ ਜਾਂ ਇਨ੍ਹਾਂ ਦੀਆਂ ਤਿਆਰੀਆਂ ਵਿੱਚ ਬੀਤੀ ਪਰ ਪਾਵਨ ਮਨੋਰਥ ਕਿਸੇ ਦਾ ਇਲਾਕਾ ਸੰਭਾਲਣ ਤੋਂ ਰਹਿਤ ਸੀ। ਨਿਰਸੰਦੇਹ ਆਪ ਸਹੀ ਅਰਥਾਂ ਵਿੱਚ ਅਨਾਥਾਂ ਦੀ ਬਾਂਹ ਫੜਨ, ਸੰਤ ਜਨ ਉਬਾਰਨ ਤੇ ਦੁਸ਼ਟਾਂ ਦਾ ਦਮਨ ਕਰਨ ਲਈ ਹੀ ਸੰਸਾਰ ਵਿੱਚ ਪ੍ਰਗਟੇ ਸਨ।

ਸੰਸਾਰੀਆਂ ਦੀ ਦ੍ਰਿਸ਼ਟੀ ਵਿੱਚ ਜੰਗ ਤੇ ਪ੍ਰੇਮ ਵਿੱਚ ਸਭ ਕਿਛ ਜਾਇਜ਼ ਹੈ। ਇਸ ਤਰ੍ਹਾਂ ਦੀ ਸੋਚਣੀ ਬ੍ਰਹਮ ਗਿਆਨੀ ਦੀ ਬਿਰਤੀ ਨਾਲ ਮੇਲ ਨਹੀਂ ਖਾਂਦੀ। ਆਪ ਜੀ ਦੇ ਪਾਵਨ ਹਿਰਦੇ, ਉਪਦੇਸ਼ ਤੇ ਕਰਨੀ ਵਿੱਚ ਨਿਰਮਲਤਾ, ਨਿਰਵੈਰਤਾ ਤੇ ਸਮ ਦ੍ਰਿਸ਼ਟੀ ਕੁੱਟ ਕੁੱਟ ਕੇ ਭਰੀ ਹੋਈ ਸੀ। ਹਜ਼ੂਰ ਦੇ ਪ੍ਰਭਾਵ ਦੇ ਸਦਕੇ, ਪ੍ਰੇਮ ਰੰਗਣ ਵਿੱਚ ਰੰਗੇ ਨਿਕਟਵਰਤੀ ਬ੍ਰਹਮ ਗਿਆਨੀਆਂ ਨੂੰ ਮੈਦਾਨਿ ਜੰਗ ਵਿੱਚ ਜ਼ਖਮੀਆਂ ਨੂੰ ਬਿਨਾਂ ਵਿਤਕਰੇ ਪਾਣੀ ਪਿਲਾਉਣ ਤੇ ਮਰਹੱਮ ਪੱਟੀ ਕਰਨ ਦਾ ਮਾਣ ਸੀ। ਭਾਈ ਨੰਦ ਲਾਲ ਸਿੰਘ ਜੀ ਦੇ ਸ਼ਬਦਾਂ ਅਨੁਸਾਰ ਆਪ ਜੀ ਦਾ ਸੁੰਦਰ ਮੁੱਖੜਾ ਐਸੇ ਅਲੌਕਿਕ ਸ਼ੀਸ਼ੇ ਸਮਾਨ ਸੀ, ਜਿਸ ਨੂੰ ਤੱਕਦਿਆਂ ਨਿਰੰਜਨੀ ਜੋਤਿ ਦੇ ਦਰਸ਼ਨ ਹੁੰਦੇ ਸਨ।

ਖਾਲਿਸੋ ਬੇਕੀਨਾ ਗੁਰ ਗੋਬਿੰਦ ਸਿੰਘ।।
ਹੱਕ ਹੱਕ ਅਈਨਾ ਗੁਰ ਗੋਬਿੰਦ ਸਿੰਘ।।੧੨੪।।

ਹਜ਼ੂਰ ਦੀ ਸ਼ਖਸੀਅਤ ਵਿੱਚ ਇੱਕ ਮਿਕਨਾਤੀਸੀ ਜਾਦੂ ਸੀ, ਇਲਾਹੀ ਜਲਵੇ ਦੀ ਅਨੋਖੀ ਕਸ਼ਸ਼ ਸੀ, ਜਿਹੜੀ ਜੰਗ ਵਿੱਚ ਟਾਕਰਾ ਕਰਨ ਆਏ ਯੋਧੇ ਨੂੰ ਮਤਵਾਲਾ ਕਰ ਦਿੰਦਾ ਹੈ। ਫੌਜਾਂ ਦੇ ਜਰਨੈਲ ਸੈਦ ਬੇਗ ਤੇ ਅਲਿਫਖਾਨ ਨੇ ਅਨੰਦਪੁਰ ਵਿਖੇ, ਗੁਰੂ ਸਾਹਿਬ ਤੇ ਅਚਾਨਕ ਹਮਲਾ ਕਰ ਦਿੱਤਾ ਤੇ ਸੈਦ ਬੇਗ ਦੀ ਸੁੱਤੀ ਜ਼ਮੀਰ ਜਾਗ ਪਈ। ਉਸ ਨੇ ਹਥਿਆਰ ਸੁੱਟ ਦਿੱਤੇ ਤੇ ਆਪਣਾ ਆਪ ਸਤਿਗੁਰੂ ਜੀ ਦੇ ਹਵਾਲੇ ਕਰ ਦਿੱਤਾ। ਦੂਸਰੇ ਜਰਨੈਲ ਵਿੱਚ ਲੜਨ ਦੀ ਹਿੰਮਤ ਖਤਮ ਹੋ ਗਈ। ਕਿਸ ਵੈਰੀ ਨੂੰ ਮਾਰਨਾ ਹੈ ਜਾਂ ਕਿਸ ਵੈਰੀ ਦੇ ਅਉਗਣਾਂ ਨੂੰ ਮਾਰਨਾ ਹੈ, ਇਹ ਚੋਜ ਵਿਡਾਣੀ ਦੀ ਕਲਾ ਵਰਤਾਉਣੀ, ਹਜ਼ੂਰ ਦੀ ਜ਼ਾਹਰੀ ਕਰਾਮਾਤ ਸੀ। ਕਿੰਨਾ ਖੂਬਸੂਰਤ ਅੰਤਰ ਹੈ ਬਾਦਸ਼ਾਹੀ ਜਰਨੈਲ ਤੇ ਅਕਾਲ ਪੁਰਖ ਦੇ ਥਾਪੇ ਜਰਨੈਲ ਵਿੱਚ।

ਸੈਦ ਖਾਨ ਜਰਨੈਲ ਵੀ ਕਸਮਾਂ ਖਾ ਕੇ ਕਲਗੀਧਰ ਪਾਤਸ਼ਾਹ ਨੂੰ ਜੀਉਂਦੇ ਫੜ ਕੇ ਲਿਜਾਣ ਲਈ ਰਵਾਨਾ ਹੋਇਆ ਸੀ। ਰਾਹ ਵਿੱਚ ਭਾਵੇਂ ਉਸ ਦੀ ਭੈਣ ਨਸੀਰਾਂ ਤੇ ਪੀਰ ਬੁੱਧੂ ਸ਼ਾਹ ਨੇ ਬਹੁਤ ਸਮਝਾਇਆ ਤੇ ਕੁੱਝ ਪ੍ਰਭਾਵ ਪਾਇਆ ਵੀ ਪਰ ਉਹ ਹਉਮੈ ਤੇ ਬਾਦਸ਼ਾਹੀ ਭੈ ਕਰਕੇ ਰੁਕਿਆ ਨਹੀਂ। ਉਧਰ ਗੁਰਦੇਵ ਜੀ ਅੰਦਰਲੇ ਤੇ ਬਾਹਰਲੇ ਸ਼ਤਰੂਆਂ ਨਾਲ ਜੰਗ ਕਰਨ ਦਾ ਤਜ਼ਰਬਾ ਰੱਖਣ ਵਾਲੇ ਅਨੋਖੇ ਜਰਨੈਲ ਸਨ। ਅੰਤਰਯਾਤਮਾ ਦੇ ਮਾਲਕ ਤੇ ਵੈਰੀ ਦੀ ਮਾਨਸਕ ਦਸ਼ਾ ਨੂੰ ਸਮਝਣ ਵਾਲੇ ਧਿਆਨਵਾਨ ਸਨ। ਘੋਰ ਯੁੱਧ ਵਿੱਚ ਬਿਨਾਂ ਹਥਿਆਰ ਦਰਸ਼ਨ ਦਿੱਤੇ ਤੇ ਸੈਦ ਖਾਨ ਨੂੰ ਆਪਣੇ ਚਰਨਾਂ ਦਾ ਭੌਰਾ ਬਣਾ ਲਿਆ। ਇੱਕ ਜਾਂ ਦੋ ਨਹੀਂ, ਕਈ ਜਰਨੈਲ ਹਜ਼ੂਰ ਦੀਆਂ ਮਖਮੂਰੀ ਅੱਖਾਂ ਦੀ ਤਾਬ ਨਹੀਂ ਝੱਲ ਸਕੇ। ਧਰਮ ਯੁੱਧ ਦੇ ਚਾਉ ਤੇ ਮਸਤਕ ਦੇ ਤੇਜ਼ ਪਰਤਾਪ ਦਾ ਅਨੋਖਾ ਪ੍ਰਗਟਾਉ ਗੁਰੂ ਕਲਗੀਧਰ ਪਾਤਸ਼ਾਹ ਜੈਸੇ ਜਰਨੈਲ ਨੂੰ ਹੀ ਸ਼ੋਭਾ ਦਿੰਦਾ ਹੈ।

ਪਿਆਰ ਦਾ ਸੰਬੰਧ ਆਪਣੇ-ਪਨ ਨਾਲ ਤੇ ਪਰਉਪਕਾਰ ਦਾ ਸੰਬੰਧ ਪਰਾਏ ਨਾਲ ਹੁੰਦਾ ਹੈ। ਦਾਤਾਰ ਪਿਤਾ ਨੇ ਸਾਨੂੰ ਆਪਣਾ ਬਣਾਇਆ, ਆਪਣੀ ਸੁੰਦਰ ਸੂਰਤ ਤੇ ਦੈਵੀ ਸੀਰਤ ਬਖਸ਼ੀ। ਸਰੀਰਕ ਤੇ ਆਤਮਕ, ਦੋਹਾਂ ਗੁਣਾਂ ਨੂੰ ਸੰਤੁਲਤ ਰੂਪ ਵਿੱਚ ਰੱਖਿਆ ਤੇ ਖਾਲਸੇ ਵਿੱਚ ਸਾਰੀਆਂ ਖੂਬੀਆਂ ਭਰੀਆਂ। ਗੁਰਦੇਵ ਜੀ ਦੀ ਸਪਰਸ਼ ਕਲਾ ਨੇ ਕਹਿਰ ਦਾ ਇਨਕਲਾਬ ਲਿਆਂਦਾ। ਇੱਕ ਨੂਰਾਨੀ ਤੱਕਣੀ ਲੇਲੇ ਨੂੰ ਸ਼ੇਰ ਬਣਾ ਦਿੰਦੀ, ਬੀਰ ਰਸ ਉਮੜ ਉਮੜ ਪਿਆ ਪੈਂਦਾ। ਭੰਗਾਣੀ ਦੇ ਜੁੱਧ ਵਿੱਚ ਲਾਲ ਚੰਦ ਹਲਵਾਈ ਨੂੰ ਥਾਪੀ ਤੇ ਅਸੀਸ ਮਿਲੀ, ਉਸ ਨੇ ਜੰਗ ਵਿੱਚ ਭੜਥੂ ਮਚਾ ਦਿੱਤਾ। ਮਹੰਤ ਕ੍ਰਿਪਾਲ ਦਾਸ ਉਦਾਸੀ ਦੇ ਖੂਨ ਨੇ ਅਜਿਹਾ ਉਬਾਲਾ ਖਾਧਾ ਕਿ ਸਰਦਾਈ ਰਗੜਨ ਵਾਲੇ ਘੋਟਣੇ ਨਾਲ ਹੀ ਹਯਾਤ ਖਾਨ ਪਠਾਨ ਦੇ ਸਿਰ ਦੀ ਖੋਪੜੀ ਭੰਨੀ ਤੇ ਮਿੱਝ ਧਰਤੀ ਤੇ ਖਿਲਾਰ ਦਿੱਤੀ।



www.AKJ.Org

ਲੜਨਾ ਸਿਪਾਹੀ ਦਾ ਕੰਮ ਹੈ ਤੇ ਜੁਗਤੀ ਨਾਲ ਲੜਾਉਣਾ ਜਰਨੈਲ ਦਾ। ਜਿਹੜਾ ਆਪ ਜੀ ਦੀ ਕ੍ਰਿਪਾ ਦਾ ਪਾਤਰ ਬਣਦਾ, ਉਹ ਕਮਾਲ ਦਾ ਲੜਾਕੂ ਬਣ ਜਾਂਦਾ। ਗਿੱਦੜਾਂ ਨੂੰ ਸ਼ੇਰ ਬਣਾਉਣ ਦੀ ਕਰਾਮਾਤ ਤੋਂ ਵੈਰੀ ਵੀ ਜਾਣੂ ਸੀ। ਮਨੋ ਵਿਗਿਆਨੀ ਦੇ ਰੂਪ ਵਿੱਚ ਮਿੱਤ੍ਰ ਜਾਂ ਸ਼ਤ੍ਰੂ ਦੀ ਨੀਅਤ ਚਿਹਰੇ ਤੋਂ ਪੜ੍ਹਨਾ, ਆਪ ਲਈ ਸਾਧਾਰਨ ਗੱਲ ਸੀ। ਮਨ ਦੀ ਅਵਸਥਾ, ਬਿਨ ਬੋਲਿਐ ਜਾਣ ਲੈਂਦੇ। ਬੰਦਗੀ ਕਰਨ ਵਾਲੀ ਤੇ ਲੜਾਕੂ ਕੌਮ ਦੇ ਆਗੂ ਜੁ ਸਨ, ਜੋ ਚਾਹੁੰਦੇ, ਤੁਰਤ ਫੁਰਤ ਕਰਦੇ, ਆਲਸ ਦੇ ਦੁਚਿੱਤਾ ਪਨ ਨੂੰ ਨਿਕਟ ਨ ਆਉਣ ਦਿੰਦੇ।

ਜੇ ਕਿਸੇ ਨੂੰ ਵਾਕਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਾਹਦ ਜਰਨੈਲ ਹੋਣ ਦਾ ਰੂਪ ਤੱਕਣ ਦੀ ਚਾਹ ਹੈ ਤਾਂ ਉਸ ਦੀ ਤਮੰਨਾ ਪੂਰੀ ਕਰਨ ਲਈ ਚਮਕੌਰ ਦੀ ਗੜ੍ਹੀ ਦਾ ਜੰਗ ਹੀ ਆਪਣੇ ਆਪ ਵਿੱਚ ਸੰਪੂਰਨ ਸਮਰਥਾ ਵਾਲਾ ਹੈ। ਇਹੋ ਜਿਹਾ ਸਾਕਾ ਸੰਸਾਰ ਦੇ ਇਤਿਹਾਸ ਨੇ ਪਹਿਲਾ ਪੇਸ਼ ਨਹੀਂ ਸੀ ਕੀਤਾ।

ਇੱਕ ਪਾਸੇ ਗਿਣਤੀ ਦੇ ਚਾਲੀ ਸਿੱਖ, ਦਿਨ ਭਰ ਦੀ ਥਕਾਵਟ ਨਾਲ ਚੂਰ, ਫਿਰ ਭੀ ਚੜ੍ਹਦੀ ਕਲਾ ਵਿੱਚ ਰਹਿ ਕੇ ਮਰ ਮਿੱਟਣ ਲਈ ਤੱਤਪਰ ਸਨ। ਦੂਸਰੇ ਪਾਸੇ ਪਿੱਛਾ ਕਰ ਰਹੀ ਦਸ ਲੱਖ ਫੌਜ, ਲੁਟੇਰਿਆ ਬਦਮਾਸ਼ਾਂ ਤੇ ਤਮਾਸ਼ਬੀਨਾਂ ਸਮੇਤ, ਮੀਲਾਂ ਤੱਕ ਦੇ ਘੇਰੇ ਵਿੱਚ ਫੈਲੀ ਹੋਈ ਸੀ।

ਭਾਵੇਂ ਗੁਰੂ ਸਾਹਿਬਾਨ ਖਾਲੀ ਹੱਥ ਤਾਂ ਨਹੀਂ ਸਨ, ਪਰ ਤੀਰਾਂ ਗੋਲੀਆਂ ਤੇ ਜੰਗੀ ਹਥਿਆਰਾਂ ਦਾ ਸਮਾਨ ਗਿਣਤੀ ਵਿੱਚ ਹੀ ਸੀ ਜਦ ਕਿ ਵੈਰੀਆਂ ਨੇ ਵਾਇਦਾ ਸ਼ਿਕਨੀ ਕਰ ਕੇ ਪਿੱਛਾ ਕੀਤਾ ਸੀ ਤੇ ਬੇਸ਼ੁਮਾਰ ਹਥਿਆਰਾਂ ਨਾਲ ਤਿਆਰ ਹੋ ਕੇ ਆਏ ਸਨ। ਸਤਿਗੁਰੂ ਜੀ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ ਕੇ ਭੇਜਿਆ ਸੀ।

ਗੁਰਸਨਹ (ਭੁੱਖੇ) ਚਿ ਕਾਰੇ ਕੁਨਦ ਚਿਹਲ ਨਰ।।
ਕਿ ਦਹ-ਲਕ ਬਰਾਇਦ ਬਰੂ ਬੇਖ਼ਬਰ।।੧੯।।

ਅਰਥਾਤ ਚਾਲੀ ਭੁੱਖੇ ਸਿੰਘ (ਭਾਵੇਂ ਉਨ੍ਹਾਂ ਨੇ ਪਹਿਲੇ ਦਿਨ ਡਟ ਕੇ ਮੁਕਾਬਲਾ ਕੀਤਾ ਸੀ) ਕੀ ਕਰ ਸਕਦੇ ਸਨ ਜਦ ਕਿ ਉਨ੍ਹਾਂ ਦੇ ਪਿੱਛੇ ਦਸ ਲੱਖ ਫੌਜ ਨੇ ਅਚਾਨਕ ਹਮਲਾ ਕਰ ਦਿੱਤਾ ? ਇਸ ਸਥਿਤੀ ਵਿੱਚ ਡਾਢੇ ਤੋਂ ਡਾਢਾ ਜਰਨੈਲ ਵੀ ਡੋਲ ਸਕਦਾ ਸੀ ਤੇ ਨਿਰਾਸ਼ਾ ਦੀ ਨਦੀ ਵਿੱਚ ਵਹਿ ਸਕਦਾ ਸੀ। ਸਰਹੰਦ ਦੇ ਨਵਾਬ ਨੇ ਗੁਰੂ ਸਾਹਿਬ ਨੂੰ ਸਾਥੀਆਂ ਸਮੇਤ ਆਤਮ-ਸਮਰਪਣ ਲਈ ਆਖਿਆ ਜਿਸ ਦਾ ਜਵਾਬ ਤੀਰ ਨਾਲ ਮਿਲਿਆ, ਇਹ ਭਾਵ ਦੱਸਦਿਆਂ ਕਿ ਕੋਈ ਸਿੱਖ ਸਿਪਾਹੀ ਜੀਉਂਦਿਆਂ ਤੁਹਾਡੇ ਹੱਥ ਨਹੀਂ ਆਵੇਗਾ।

ਗੁਰੂ ਸਾਹਿਬ ਦੀ ਸਭ ਤੋਂ ਵੱਡੀ ਪ੍ਰਾਪਤੀ ਜਾਂ ਕਰਾਮਾਤ ਇਹ ਸੀ ਕਿ ਸਾਰਾ ਦਿਨ ਘਮਸਾਣ ਯੁੱਧ ਹੁੰਦਾ ਰਿਹਾ ਪਰ ਕੋਈ ਵੀ ਮੁਗਲ ਸੂਰਮਾ ਗੜ੍ਹੀ ਦੇ ਅੰਦਰ ਦਾਖਲ ਹੋਣ ਵਿੱਚ ਸਫਲ ਨਹੀਂ ਹੋ ਸਕਿਆ। ਜਿਸ ਨੇ ਕੰਧ ਤੇ ਚੜ੍ਹਨ ਦੀ ਕੋਸ਼ਸ਼ ਕੀਤੀ, ਉਹ ਉੱਥੇ ਹੀ ਚਿੱਤ ਹੋ ਗਿਆ। ਖ਼ੁਆਜਾ ਖ਼ਾਨ, ਕੰਧ ਦੇ ਓਹਲੇ ਰਿਹਾ ਤੇ ਮਰਦਾਂ ਵਾਂਗਰ ਮੈਦਾਨ ਵਿੱਚ ਸਾਹਮਣੇ ਨਹੀਂ ਆਇਆ ਤੇ ਜਾਨ ਬਚਾ ਕੇ ਨੱਸ ਗਿਆ। ਗੁਰੂ ਕਲਗੀਧਰ ਪਾਤਸ਼ਾਹ ਨੂੰ ਇਸ ਗੱਲ ਦਾ ਅਫਸੋਸ ਰਿਹਾ ਕਿ ਅਸੀਂ ਉਸ ਮਰਦੂਦ ਦੀ ਸ਼ਕਲ ਨਹੀਂ ਤੱਕੀ, ਜੇ ਤੱਕ ਲੈਂਦੇ ਤਾਂ ਉਸ ਨੂੰ ਇੱਕ ਤੀਰ ਜ਼ਰੂਰ ਬਖਸ਼ ਦਿੰਦੇ।

ਦਰੇਗਾ ! ਅਗਰ ਰੂਏ ਊ ਦੀਦਮੇ।
ਬ-ਯਕ ਤੀਰ ਲਾਚਾਰ ਬਖ਼ਸ਼ੀਦ ਮੇ।।੩੯।।
(ਜ਼ਫ਼ਰਨਾਮਾ)

ਗੁਰਦੇਵ ਜੀ ਦੀ ਤੀਰ ਅੰਦਾਜ਼ੀ ਨੇ ਮੁਗਲ ਸੈਨਾ ਦੀ ਬਹਾਦਰੀ ਨੂੰ ਝੰਜੋੜ ਕੇ ਰੱਖ ਦਿੱਤਾ। ਸਿੱਖਾਂ ਨੇ ਵੀ ਘੱਟ ਜੌਹਰ ਨਹੀਂ ਦਿਖਾਏ। ਦੋ ਵੱਡੇ ਸਾਹਿਬਜ਼ਾਦੇ ਤੇ ਕੁਝ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਲੜਾਈ ਇਸ ਵਿਧੀ ਨਾਲ ਜਾਰੀ ਰੱਖੀ ਕਿ ਲੜਦਿਆਂ ਲੜਦਿਆਂ ਤ੍ਰਿਕਾਲਾਂ ਪੈ ਗਈਆਂ। ਮੁਗਲਾਂ ਨੇ ਹਨ੍ਹੇਰੇ ਵਿੱਚ ਆਪਣਾ ਜ਼ਿਆਦਾ ਨੁਕਸਾਨ ਹੋਣ ਦੇ ਡਰ ਕਾਰਨ ਜੰਗ ਬੰਦ ਕਰ ਦਿੱਤੀ ਤੇ ਦਿਨ ਚੜ੍ਹਦੇ ਸਾਰ ਹੀ ਇੱਕ ਤਕੜਾ ਹੱਲਾ ਕਰਨ ਦੀ ਸਲਾਹ ਬਣਾਈ। ਕਾਲੀ ਬੋਲੀ ਰਾਤ ਨੇ ਆਪਣੇ ਪ੍ਰਤੀ ਭਾਂਤ ਭਾਂਤ ਦੇ ਵਿਚਾਰ ਸੁਣੇ। ਮੁਗਲ ਸਰਦਾਰਾਂ ਮਤਾ ਪਕਾਇਆ ਕਿ ਸਖਤ ਘੇਰਾ ਤਾਂ ਅਸੀਂ ਪਾ ਲਿਆ ਹੈ ਤੇ ਕੋਈ ਸਿੱਖ ਬਾਹਰ ਨਿਕਲਣ ਦੀ ਜੁਰਅਤ ਨਹੀਂ ਕਰ ਸਕਦਾ, ਰਾਤ ਆਰਾਮ ਕਰੀਏ ਤੇ ਸੁਬਹ ਸਵੇਰੇ ਗੁਰੂ ਸਾਹਿਬ ਨੂੰ ਜੀਉਂਦੇ ਹੀ ਫੜ ਲਵਾਂਗੇ ਤੇ ਇਨਾਮ ਪਾਵਾਂਗੇ।

ਓਧਰ ਗੜ੍ਹੀ ਵਿੱਚ ਘਿਰੇ ਪਿਆਰੇ ਜਾਂ-ਨਿਸਾਰ ਗੁਰਸਿੱਖ ਗੁਰਦੇਵ ਜੀ ਨੂੰ ਹਰ ਕੀਮਤ ਤੇ ਬਚਾਉਣਾ ਚਾਹੁੰਦੇ ਸਨ। ਉਹ ਭਲੀ ਭਾਂਤ ਸਮਝਦੇ ਸਨ ਕਿ ਸਾਡਾ ਇੱਕ ਗੁਰੂ ਅਨੇਕ ਸਿੱਖ ਬਣਾ ਸਕਦਾ ਹੈ ਪਰ ਲੱਖਾਂ ਸਿੱਖ ਅਜਿਹਾ ਗੁਰੂ ਨਹੀਂ ਬਣਾ ਸਕਦੇ। ਗੁਰਦੇਵ ਜੀ ਰਣ ਵਿੱਚ ਜੂਝਣ ਲਈ ਬਜ਼ਿੱਦ ਸਨ। ਸਿੱਖਾਂ ਲਈ ਇਹ ਘੜੀ ਕਠਨ ਪ੍ਰੀਖਿਆ ਭਰੀ ਸੀ, ਉਨ੍ਹਾਂ ਅਰਦਾਸ ਕੀਤੀ, ਅਚਾਨਕ ਜੁਗਤੀ ਸੁੱਝੀ। ਪੰਜਾਂ ਪਿਆਰਿਆਂ ਦੇ ਰੂਪ ਵਿੱਚ ਸਤਿਗੁਰੂ ਜੀ ਨੂੰ ਸੰਬੋਧਨ ਹੋ ਕੇ ਆਖਿਆ ਕਿ ਗੁਰਦੇਵ ਪਿਤਾ ਜੀ !


www.AKJ.Org

ਸਾਡਾ ਹੁਕਮ ਹੈ ਕਿ ਤੁਸੀਂ, ਜਿਸ ਤਰ੍ਹਾਂ ਵੀ ਹੋ ਸਕਦਾ ਹੈ, ਰਾਤੋ ਰਾਤ ਇਸ ਗੜ੍ਹੀ ਤੋਂ ਬਾਹਰ ਨਿਕਲ ਜਾਵੋ। ਸਤਿਗੁਰੂ ਜੀ ਨੂੰ ਪੰਥ ਦੇ ਹੁਕਮ ਅੱਗੇ ਝੁਕਣਾ ਪਿਆ। ਭਾਈ ਸੰਗਤ ਸਿੰਘ ਦੇ ਸੀਸ ਤੇ ਕਲਗੀ ਟਿਕਾਈ ਤੇ ਆਪਣਾਂ ਪੋਸ਼ਾਕਾ ਬਖਸ਼ਿਆਂ ਤਾਂ ਕਿ ਮੁਗਲ ਸੈਨਾ ਨੂੰ ਅਸਲੀਅਤ ਦਾ ਪਤਾ ਨਾ ਲੱਗੇ।

ਮੁਗਲ ਸੈਨਾ ਦੇ ਘੇਰੇ ਵਿੱਚੋਂ ਨਿਕਲਣਾ ਕੋਈ ਸੌਖਾ ਕੰਮ ਨਹੀਂ ਸੀ, ਫਿਰ ਭੀ ਹਜ਼ੂਰ ਨੇ ਗੜ੍ਹੀ ਤੋਂ ਬਾਹਰ ਨਿਕਲਣ ਵੇਲੇ ਬੁਲੰਦ ਆਵਾਜ਼ ਦੁਆਰਾ ਖਬਰਦਾਰ ਕੀਤਾ ਕਿ *"ਸਿੱਖਾਂ ਦਾ ਪੀਰ ਜਾ ਰਿਹਾ ਹੈ, ਜਾ ਰਿਹਾ ਹੈ।"* ਦੋ ਪਿਆਰੇ ਨਾਲ ਲਏ ਜਿਹੜੇ ਭਗਦੜ ਪੈਣ ਤੇ ਵਿੱਛੜ ਗਏ ਤੇ ਬਾਅਦ ਵਿੱਚ ਮਿਲੇ। ਪਰਮਾਤਮਾ ਜਾਣੇ, ਕਿਵੇਂ ਆਪ ਨੇ ਕੌਤਕ ਰਚਿਆ ਤੇ ਤੀਰਾਂ ਦੀ ਬੁਛਾੜ ਨਾਲ ਰਸਤਾ ਬਣਾਇਆ ਤੇ ਕਾਲੀ ਬੋਲੀ ਰਾਤ ਦੀ ਆੜ ਦਾ ਲਾਭ ਉਠਾਇਆ। ਮਸ਼ਾਲਚੀ ਤੇ ਰਾਤ ਦੀ ਡਿਊਟੀ ਕਰਨ ਵਾਲੇ ਘਬਰਾ ਉੱਠੇ, ਜਿਨ੍ਹਾਂ ਦੀ ਨੀਂਦਰ ਖੁੱਲ੍ਹੀ, ਉਹ ਆਪਸ ਵਿੱਚ ਹੀ ਫੜੋ ਫੜਾਈ ਤੇ ਹੱਥੋ ਪਾਈ ਵਿੱਚ ਉੱਲਝ ਗਏ। ਜਿਵੇਂ ਇੱਕ ਗੱਜਦੇ ਹੋਏ ਸ਼ੇਰ ਦਾ ਰਾਹ ਰੋਕਣ ਵਿੱਚ ਅਨੇਕ ਪਾਲਤੂ ਜਾਨਵਰ ਵੱਗ ਤੇ ਉਨ੍ਹਾਂ ਦੇ ਰਖਵਾਲੇ ਨਾਕਾਮ ਰਹਿੰਦੇ ਹਨ, ਤਿਵੇਂ ਹੀ ਸਤਿਗੁਰੂ ਜੀ ਨੇ ਆਪਣੀ ਹਿੰਮਤ, ਦਲੇਰੀ, ਚੜ੍ਹਦੀ ਕਲਾ, ਰਫ਼ਤਾਰ ਤੇ ਫੁਰਤੀਲੇਪਨ ਦਾ ਐਸਾ ਪ੍ਰਗਟਾਂਵਾ ਕੀਤਾ ਕਿ ਮੁਗਲ ਸੈਨਾਂ ਦੇ ਨਾਮਧਰੀਕ ਸੂਰਮੇ ਸਤਿਗੁਰੂ ਦੀ ਰਵਾਨਗੀ ਨੂੰ ਠੱਲ੍ਹ ਨਹੀਂ ਪਾ ਸਕੇ।

ਚੋਟੀ ਦੇ ਸ਼ਸ਼ਤਰ ਅਭਿਆਸੀ ਤੇ ਹਰੇਕ ਕਿਸਮ ਦੇ ਹਥਿਆਰ ਚਲਾਉਣ ਵਿੱਚ ਨਿਪੁੰਨ ਹੁੰਦਿਆਂ ਵੀ ਸਤਿਗੁਰੂ ਜੀ ਰੱਬੀ ਬਖਸ਼ਸ਼ ਤੇ ਅਥਾਹ ਭਰੋਸਾ ਰੱਖਦੇ ਸਨ। ਚਮਕੌਰ ਦੀ ਗੜ੍ਹੀ ਤੋਂ ਸੁਰੱਖਿਅਤ ਬਾਹਰ ਨਿਕਲਣ ਦਾ ਸਾਰਾ ਮਾਣ ਅਕਾਲ ਪੁਰਖ ਨੂੰ ਦੇਣਾ ਸੰਤ ਸਿਪਾਹੀ ਦਾ ਹੀ ਕੰਮ ਹੈ। ਹਜ਼ੂਰ ਨੇ ਔਰੰਗਜ਼ੇਬ ਨੂੰ ਲਿਖਿਆ ਸੀ ਕਿ ਜਿਹੜਾ ਪੁਰਸ਼ ਕੁਰਾਨ ਦੀ ਕਸਮ ਤੇ ਵਿਸ਼ਵਾਸ਼ ਕਰਦਾ ਹੈ, ਉਸ ਦਾ ਮਾਲਕ ਤੇ ਰਹਿਬਰ ਆਪ ਪਰਵਦਗਾਰ ਬਣਦਾ ਹੈ, ਉਸੇ ਸਿਰਜਣਹਾਰ ਨੇ ਆਪ ਆ ਕੇ ਸਾਨੂੰ ਵੈਰੀਆਂ ਦੇ ਘੇਰੇ ਤੋਂ ਬਾਹਰ ਕੱਢਿਆ ਤੇ ਸਾਡਾ ਬਾਲ ਵਿੰਗਾ ਨਹੀਂ ਹੋਣ ਦਿੱਤਾ।

ਨ ਪੇਚੀਦਹ ਮੂਏ, ਨ ਰੰਜੀਦਹ ਤਨ।।
ਕਿ ਬੇਰੂੰ, ਖ਼ੁਦਾਵੁਰਦ, ਦੁਸ਼ਮਨ-ਸ਼ਿਕਨ।।੪੪।।

(ਜ਼ਫਰਨਾਮਾ)

ਬੇਸ਼ਕ ਅਰਸ਼ੀ ਪ੍ਰੀਤਮ ਸਿਫਤਾਂ ਤੇ ਵਡਿਆਈਆਂ ਤੋਂ ਬਹੁਤ ਉੱਚੇ ਤੇ ਨਿਰਲੇਪ ਸਨ ਪਰ ਇਸ ਹਕੀਕਤ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਆਪ ਬੇਮਿਸਾਲ ਅਨੋਖੇ ਜਰਨੈਲ ਸਨ ਜਿਹੜੇ ਸਰੀਰਕ ਕਰਤਬਾਂ ਤੇ ਜੰਗੀ ਹੁਨਰਾਂ ਦੇ ਧਨੀ ਹੁੰਦਿਆਂ ਹੋਇਆਂ ਵੀ ਰੱਬ ਦੇ ਆਸ਼ਕ ਤੇ ਮਹਿਬੂਬ ਸਨ।

❖❖❖❖❖

(ਪੰਨਾ ੨੯ ਦਾ ਬਾਕੀ..........)

ਪਦ ਅਰਥ : ਤਟ-ਨਦੀ ਦਾ ਕੰਢਾ। ਦੇਵ ਦੇਵਾਲਿਆ-ਦੇਵਤਿਆਂ ਦੇ ਮੰਦਰ। ਕੇਦਾਰ, ਮਥੁਰਾ, ਕਾਸੀ-ਹਿੰਦੂਆ ਦੇ ਤੀਰਥ-ਸਥਾਨ। ਕੋਟਿ ਤੇਤੀਸਾ-ਤੇਤੀ ਕਰੋੜ। ਸਣੁ-ਸਮੇਤ। ਖਟੁ ਦਰਸ-ਛੇ ਭੇਖਾਂ ਦੇ ਸਾਧੂ। ਸਮਾਸੀ-ਮਿਟ ਜਾਣਗੇ। ਕਵਤੇ-ਕਵਿਤਾ ਆਖਣ ਵਾਲੇ ਕਵੀ ਜਨ। ਜਤੀ-ਬ੍ਰਹਮਚਾਰੀ। ਸਤੀ-ਸਤ (ਸੁੱਚੇ ਆਚਰਣ) ਦੇ ਧਾਰਨੀ, ਦਾਨੀ। ਕਾਲੈ ਵਾਸੀ-ਕਾਲ-ਵਾਸ ਹੋ ਜਾਣ ਵਾਲੇ ਹਨ। ਮੁਨਿ-ਮੁਨੀ, ਪਵਿੱਤਰ ਆਤਮਾ ਵਾਲੇ। ਦਿਗੰਬਰਾ-(ਦਿਗ + ਅੰਬਰਾ) ਦਿਸ਼ਾਵਾਂ ਨੂੰ ਬਸਤਰ ਜਾਣਨ ਵਾਲੇ, ਨਾਂਗੇ। ਜਮੈ ਸਣੁ-ਜਮ ਸਮੇਤ। ਵਿਣਸਣਾ-ਨਾਸ ਹੋਣ ਵਾਲਾ। ਥਿਰੁ-ਕਾਇਮ।

ਅਰਥ : (ਪਵਿੱਤਰ ਮੰਨੀਆਂ ਜਾਂਦੀਆਂ) ਨਦੀਆਂ-ਕੰਢੇ ਉਸਰੇ ਤੀਰਥ, (ਵੱਖ ਵੱਖ ਦੇਵਤਿਆਂ ਦੇ ਨਾਮ ਤੇ ਉਸਰੇ) ਦੇਵ-ਮੰਦਰ,ਕੇਦਾਰ,ਮਥਰਾ,ਕਾਸ਼ੀ (ਆਦਿਕ ਤੀਰਥ-ਸਥਾਨ),

ਤੇਤੀ ਕਰੋੜ ਦੇਵਤੇ, (ਦੇਵਤਿਆਂ ਦੇ ਰਾਜੇ) ਇੰਦਰ ਸਮੇਤ ਏਥੋਂ ਕੂਚ ਕਰ ਜਾਣ ਵਾਲੇ ਹਨ।

ਸਿੰਮ੍ਰਤੀਆਂ, ਸ਼ਾਸ਼ਤਰ, ਚਾਰੇ ਵੇਦ ਪੜ੍ਹਨ ਵਾਲੇ, ਛੇ ਭੇਖਾਂ ਦੇ ਸਾਧੂ, (ਸਾਰੇ ਦੇ ਸਾਰੇ ਹੀ ਸਫ਼ਾ-ਹਸਤੀ ਤੋਂ) ਮਿਟ ਜਾਣ ਵਾਲੇ ਹਨ।

ਧਰਮ-ਪੁਸਤਕਾਂ ਪੜ੍ਹਨ ਵਾਲੇ ਵਿਦਵਾਨ, ਗੀਤਕਾਰ, ਕਵਿਤਾ ਰਚਣ ਵਾਲੇ ਕਵੀ-ਜਨ ਆਦਿ ਵੀ ਏਥੋਂ ਕੂਚ ਕਰ ਜਾਣ ਵਾਲੇ ਹਨ।

ਬ੍ਰਹਮਚਾਰੀ, ਦਾਨੀ, ਸੰਨਿਆਸੀ ਆਦਿ ਸਾਰੇ ਕਾਲ-ਵਾਸ ਹੋ ਜਾਣ ਵਾਲੇ ਹਨ।

ਰਿਸ਼ੀ ਮੁਨੀ, ਜੋਗੀ, ਨਾਂਗੇ (ਸਾਧੂ) ਇਹ ਸਾਰੇ (ਸਾਰਿਆਂ ਦੀ ਜਾਨ ਕੱਢਣ ਵਾਲੇ) ਜਮਕਾਲ ਸਮੇਤ ਏਥੋਂ ਚਲੇ ਜਾਣ ਵਾਲੇ ਹਨ।

(ਇਥੋਂ ਤੱਕ ਕਿ) ਜੋ ਕੁਝ ਸੰਸਾਰ ਤੇ ਨਜ਼ਰ ਆਉਂਦਾ ਹੈ, ਸਾਰਾ ਨਾਸਵੰਤ ਹੈ ਤੇ ਢਹਿ-ਢੇਰੀ ਹੋ ਜਾਣ ਵਾਲਾ ਹੈ।

ਸਦੀਵੀ ਕਾਇਮ ਰਹਿਣ ਵਾਲਾ ਕੇਵਲ ਪਾਰਬ੍ਰਹਮ ਪਰਮੇਸ਼ਰ ਹੈ ਜਾਂ ਫਿਰ (ਪਰਮੇਸ਼ਰ ਦਾ) ਦਾਸ ਸਦੀਵੀ ਰਹਿਣ ਵਾਲਾ ਹੈ।੧੮।

❖❖❖❖❖



www.AKJ.Org

ਸੋਈ ਪਿਆਰੇ ਮੇਲਿ

# ਪ੍ਰੋਫੈਸਰ ਕਰਤਾਰ ਸਿੰਘ ਜੀ (ਹੁਸ਼ਿਆਰਪੁਰ)

(ਪ੍ਰਿੰ: ਗੁਰਮੁਖ ਸਿੰਘ)

ਪ੍ਰੋਫੈਸਰ ਕਰਤਾਰ ਸਿੰਘ ਜੀ ਹੁਸ਼ਿਆਰਪੁਰ ਸ਼ਹਿਰ ਮਾਡਲ ਟਾਊਨ ਦੇ ਨਿਵਾਸੀ, ਨਗਰ ਦੀਆਂ ਸਿੱਖ ਸੰਗਤਾਂ ਵਿੱਚ ਜਾਣੇ ਪਛਾਣੇ ਪਰਉਪਕਾਰੀ ਗੁਰਸਿੱਖ ਸਨ ਜਿਨ੍ਹਾਂ ਦਾ ਅਕਾਲ ਚਲਾਣਾ ਮਿਤੀ 15.4.95 ਨੂੰ ਹੁਸ਼ਿਆਰਪੁਰ ਵਿਖੇ 91 ਬਰਸ ਦੀ ਉਮਰ ਵਿੱਚ ਹੋਇਆ।

ਆਪ ਦਾ ਜਨਮ ਸੰਨ 1903 ਵਿੱਚ ਸ: ਹਜੂਰਾ ਸਿੰਘ ਜੀ (ਅੰਮ੍ਰਿਤਸਰ) ਦੇ ਘਰ ਹੋਇਆ, ਜੋ ਆਪਣੇ ਸਮੇਂ ਦੇ ਸਿੰਘ ਸਭਾ ਲਹਿਰ ਦੇ ਅਗਾਹਾਂ-ਵਧੂ ਵਿਚਾਰ ਰੱਖਣ ਵਾਲੇ ਸਰਗਰਮ ਗੁਰਸਿੱਖ ਸਨ। ਪ੍ਰੋ: ਕਰਤਾਰ ਸਿੰਘ ਜੀ ਨੇ ਇੱਕ ਐਸੇ ਗੁਰਸਿੱਖ ਘਰਾਣੇ ਵਿੱਚ ਜਨਮ ਲਿਆ ਜਿਸ ਵਿੱਚ ਮਾਡਰਨ ਸਿੱਖ ਵਿਚਾਰਧਾਰਾ ਦਾ ਬੋਲਬਾਲਾ ਸੀ। ਇਹ ਗੱਲ ਬੜੀ ਮਹੱਤਵਪੂਰਨ ਇਸ ਲਈ ਹੈ ਕਿਉਂਕਿ ਚੀਫ਼ ਖਾਲਸਾ ਦੀਵਾਨ ਦੀ ਸਥਾਪਨਾ ਤੋਂ ਪਹਿਲਾਂ ਭੀ ਅਤੇ ਮਗਰੋਂ ਭੀ ਸ੍ਰੀ ਅੰਮ੍ਰਿਤਸਰ ਦੀ ਸਿੰਘ ਸਭਾ ਉੱਤੇ ਐਸੇ ਸਿੱਖ ਆਗੂ ਕਾਬਜ਼ ਸਨ ਜੋ ਗੁਰਦੁਆਰਿਆਂ ਅੰਦਰ ਅਤੇ ਸ੍ਰੀ ਦਰਬਾਰ ਸਾਹਿਬ (ਕਾਮਪਲੈਕਸ) ਨਾਲ ਸੰਬੰਧਤ ਸਮੂਹ ਗੁਰਦੁਆਰਾ ਸਾਹਿਬਾਨ ਅੰਦਰ ਸਨਾਤਨੀ ਬ੍ਰਹਮਣਨੁਮਾ ਪੁਜਾਰੀ ਵਰਗ ਦੀ ਸਰਦਾਰੀ ਕਾਇਮ ਰੱਖਣਾ ਚੰਗਾ ਸਮਝਦੇ ਸਨ। ਇਸ ਲਈ ਪ੍ਰੋ: ਕਰਤਾਰ ਸਿੰਘ ਮੁੱਢ ਤੋਂ ਹੀ ਸਨਾਤਨ ਪ੍ਰਭਾਵ ਤੋਂ ਮੁਕਤ ਰਹੇ। ਆਪ ਦੇ ਪਿਤਾ ਜੀ ਦਾ ਉਸ ਸਮੇਂ ਦੇ ਵਿਦਵਾਨ ਅਤੇ ਬਾਣੀ ਦੇ ਰਸੀਆਂ ਭਾਈ ਵੀਰ ਸਿੰਘ, ਡਾ: ਤਰਲੋਚਨ ਸਿੰਘ ਜੀ ਅਤੇ ਇਹੋ ਜਿਹੇ ਹੋਰ ਅਨੇਕਾਂ ਗੁਰਸਿੱਖਾਂ ਨਾਲ ਮੇਲ ਜੋਲ ਸੀ ਜਿਸ ਦੇ ਫਲਸਰੂਪ ਪ੍ਰੋ: ਕਰਤਾਰ ਸਿੰਘ ਜੀ ਨੂੰ ਭੀ ਉਹਨਾਂ ਦੇ ਨੇੜੇ ਬੈਠਣ ਦਾ ਔਸਰ ਬਚਪਨ ਤੋਂ ਹੀ ਮਿਲਦਾ ਰਿਹਾ।

ਜਦੋਂ ਆਪ ਨੇ ਹੋਸ਼ ਸੰਭਾਲੀ ਤਾਂ ਪੰਜਾਬ ਵਿੱਚ 1919 ਦਾ ਜਲ੍ਹਿਆਂ ਵਾਲਾ ਖੂਨੀ ਸਾਕਾ ਹੋ ਗਿਆ ਜਿਸ ਦੇ ਜ਼ੁੰਮੇਵਾਰ ਅੰਗਰੇਜ਼ ਅਫ਼ਸਰ ਜਨਰਲ ਡਾਇਰ ਨੂੰ ਸਰਕਾਰ ਨਿਵਾਜ਼ ਸਨਾਤਨੀ ਸਿੰਘ ਸਭੀਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਰੋਪਾ ਦਿਵਾਇਆ। ਫਿਰ 1921 ਵਿੱਚ ਸ੍ਰੀ ਨਨਕਾਣਾ ਸਾਹਿਬ ਦਾ ਖੂਨੀ ਦੁਖਾਂਤ ਵਾਪਰਿਆ। ਉਸ ਵੇਲੇ ਤਕ ਪ੍ਰੋਫੈਸਰ ਸਾਹਿਬ ਕਾਲਜ ਦੇ ਵਿਦਿਆਰਥੀ ਬਣ ਚੁੱਕੇ ਸਨ। ਉਹਨਾਂ ਦੇ ਮਨ ਵਿੱਚ ਭੀ ਚਾਓ ਉੱਠਦਾ ਸੀ ਕਿ ਇਸ ਸਮੇਂ ਪੰਥ ਲਈ ਸ਼ਹੀਦੀ ਪ੍ਰਾਪਤ ਕਰ ਲਈ ਜਾਵੇ ਪਰ ਪਿਤਾ ਦੀ ਸਿਖਿਆ ਨੇ ਪੁੱਤਰ ਨੂੰ ਪੰਥ ਲਈ ਮਰਨ ਦੀ ਬਜਾਏ ਪੰਥ ਲਈ ਜਿਉਣ ਲਈ ਪ੍ਰੇਰਿਆ। ਫਿਰ ਆਪ 1924 ਤੋਂ ਲੈ ਕੇ 1995 ਤਕ ਲਗਪਗ 70-71 ਸਾਲ ਪੰਥ ਦੀ ਸੇਵਾ ਵਿੱਚ ਐਸੇ ਲੱਗੇ ਕਿ ਆਪਣਾ ਤਨ ਮਨ ਅਤੇ ਧਨ ਪੰਥ ਦੀ ਸੇਵਾ ਵਿੱਚ ਅਰਪਨ ਕਰ ਦਿੱਤਾ।

ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪੜ੍ਹਾਉਣਾ ਆਰੰਭ ਕੀਤਾ ਫਿਰ ਗੌਂ: ਕਾਲਜ ਲੁਧਿਆਣਾ ਵਿਖੇ 1926 - 34 ਤੱਕ ਅਤੇ ਉਸ ਤੋਂ ਮਗਰੋਂ 1937 ਤੋਂ 1958 ਤੱਕ ਆਪ ਗੌਂ: ਕਾਲਜ ਹੁਸ਼ਿਆਰਪੁਰ ਵਿਖੇ ਪੋਲੀਟੀਕਲ ਸਾਇੰਸ ਦੇ ਪ੍ਰੋਫੈਸਰ ਲੱਗੇ ਰਹੇ ਅਤੇ ਉਥੋਂ ਹੀ 1958 ਵਿੱਚ ਰੀਟਾਇਰ ਹੋਏ। ਆਪ ਐਮ. ਏ. ਪੋਲੀਟੀਕਲ ਸਾਇੰਸ, ਐਮ. ਏ. ਇਕੋਨਾਮਿਕਸ ਅਤੇ ਬੀ. ਕਾਮ. ਸਨ।

ਪ੍ਰੋ: ਸਾਹਿਬ ਨੂੰ ਅੰਮ੍ਰਿਤਸਰ ਨਗਰੀ ਵਿਖੇ ਪ੍ਰਾਪਤ ਸਤਸੰਗ ਦੇ ਵਾਯੂਮੰਡਲ ਨੇ ਗੁਰਬਾਣੀ ਨਾਲ ਜੋੜਿਆ। ਸਤੋਵਾਲੀ ਗਲੀ ਦੇ ਸੰਤ ਸ਼ਾਮ ਸਿੰਘ ਜੀ ਅਤੇ ਭਾਈ ਵੀਰ ਸਿੰਘ ਜੀ ਆਦਿ ਨੇ ਮੁੱਢ ਤੋਂ ਹੀ ਆਪ ਅੰਦਰ ਗੁਰਬਾਣੀ ਦੇ ਪਾਠ ਅਤੇ ਵੀਚਾਰ ਕਰਨ ਦੀ ਜੋ ਲਗਨ ਲਗਾਈ ਉਹ ਅੰਤ ਸਮੇਂ ਤਕ ਨਾਲ ਹੀ ਨਿਭੀ। ਭਾਵੇਂ ਆਪ ਨੇ 21 ਸਾਲ ਗੌਂ: ਕਾਲਿਜ ਹੁਸ਼ਿਆਰਪੁਰ ਵਿਖੇ ਸਰਕਾਰੀ ਨੌਕਰੀ ਕੀਤੀ ਪਰ ਸਰਕਾਰੀ ਕਾਲਿਜ ਵਿੱਚ ਹੁੰਦਿਆ ਪ੍ਰੋ: ਸਾਹਿਬ ਉਥੇ ਗੁਰਪੁਰਬ ਸਮਾਗਮ ਮਨਾਉਂਦੇ ਰਹੇ ਜਿਸ ਸਦਕਾ ਅਨੇਕਾਂ ਨੌਜਵਾਨ ਵਿਦਿਆਰਥੀ ਗੁਰਸਿੱਖੀ ਦੇ ਮਾਰਗ ਉੱਤੇ ਚਲਣ ਲਈ ਪ੍ਰੇਰਿਤ ਹੋਏ। 1958 ਵਿੱਚ ਉਹਨਾਂ ਦੇ ਰੀਟਾਇਰ ਹੋਣ ਤੋਂ ਮਗਰੋਂ ਉਸ ਕਾਲਿਜ ਵਿੱਚ ਕਿਸੇ ਨੇ ਗੁਰਪੁਰਬ ਨਹੀਂ ਮਨਾਇਆ। ਇਹੋ ਜਿਹੇ ਧਾਰਮਕ ਸਮਾਗਮ ਧਾਰਮਕ ਵਿਅਕਤੀ ਹੀ ਮਨਾ ਸਕਦੇ ਹਨ। ਜਿਨ੍ਹਾਂ ਦੇ ਅੰਦਰ ਜੋਤ ਜਗਦੀ ਹੋਵੇ ਉਹੀ ਅਗੋਂ ਜੋਤਿ ਜਗਾ ਸਕਦੇ ਹਨ। ਬੁਝੇ ਦੀਵੇ, ਬੁਝੇ ਦੀਵਿਆਂ ਨੂੰ ਕਦੀ ਰੌਸ਼ਨ ਨਹੀਂ ਕਰ ਸਕਦੇ।

1937 ਵਿੱਚ ਜਦੋਂ ਆਪ ਦੀ ਹੁਸ਼ਿਆਰਪੁਰ ਦੇ ਕਾਲਿਜ ਵਿਖੇ ਨਿਯੁਕਤੀ ਹੋਈ ਤਾਂ ਇੱਕ ਦਿਨ ਨਗਰ ਦੇ ਇਕ ਗੁਰਦੁਆਰੇ ਸਾਹਿਬ ਦੇ ਗ੍ਰੰਥੀ ਨੇ ਆਪ ਜੀ ਨੂੰ ਰੋਜ਼ਾਨਾ ਕਥਾ (ਸ਼ਬਦ-ਵਿਚਾਰ) ਕਰਨ ਲਈ ਪ੍ਰੇਰਿਆ। ਬਸ ਉਥੋਂ ਆਪ ਜੀ ਨੇ ਬਾਣੀ ਦਾ ਡੂੰਘਾ ਅਧਿਐਨ ਕਰਨਾ ਆਰੰਭ ਕਰ ਦਿੱਤਾ ਅਤੇ ਇਹ ਸੇਵਾ ਆਪ ਰਿਟਾਇਰ ਹੋਣ ਤੋਂ ਮਗਰੋਂ ਭੀ ਕਾਫੀ ਚਿਰ ਤਕ ਨਿਭਾਉਂਦੇ ਰਹੇ।

1973 ਵਿੱਚ ਜਦੋਂ ਆਪ 70 ਕੁ ਸਾਲ ਦੇ ਸੀ ਤਾਂ ਆਪ ਜੀ ਨੇ ਪੇਂਡੂ ਇਲਾਕਿਆਂ ਵਿੱਚ ਪ੍ਰਚਾਰ ਕਰਨ ਲਈ ਚੰਡੀਗੜ੍ਹ ਦੇ ਤਿੰਨ ਹੋਰ ਸੱਜਣਾ ਨਾਲ ਰਲ



www.AKJ.Org

ਕੇ ਹੇਮ-ਕੁੰਟ ਮਿਸ਼ਨ ਕਾਇਮ ਕੀਤਾ। ਜਿਸ ਦੇ ਮੁੱਢਲੇ ਮੈਂਬਰ ਸਨ :-

ਭਾ: ਹਰਚਰਨ ਸਿੰਘ (ਅਖੰਡ ਕੀਰਤਨੀ ਜਥਾ) ਸ: ਹਰਨਾਮ ਸਿੰਘ ਵਾਸੂ (ਐਡਵੋਕੇਟ) ਅਤੇ ਜਸਟਿਸ ਸ: ਹਰਿਬੰਸ ਸਿੰਘ ਜੀ।

ਸਤਿਗੁਰੂ ਜੀ ਜਿਸ ਕੋਲੋਂ ਸੇਵਾ ਲੈਂਦੇ ਹਨ, ਉਸ ਨੂੰ ਸੇਵਾ ਵਿੱਚ ਹੋਰ ਵਧੇਰੇ ਬਖ਼ਸ਼ਸ਼ ਕਰ ਦਿੰਦੇ ਹਨ। ਇਸ ਦੇ ਨਾਲ ਹੀ ਆਪਣੇ ਸੇਵਕ ਨੂੰ ਸੇਵਾ ਕਰਨ ਲਈ ਸਰੀਰਕ ਤੌਰ ਤੇ ਅਰੋਗ ਰੱਖਦੇ ਹਨ। ਇਹਨਾਂ ਹੀ ਦਿਨਾਂ ਵਿੱਚ ਜਦੋਂ ਆਪ ਸ੍ਰੀ ਹੇਮ-ਕੁੰਟ ਮਿਸ਼ਨ ਦੀ ਸੇਵਾ ਵਿੱਚ ਲੱਗੇ ਹੋਏ ਸਨ ਤਾਂ ਆਪ ਜੀ ਦੀ ਜ਼ਿੰਦਗੀ ਵਿੱਚ ਇੱਕ ਨਵਾਂ ਕਾਂਡ ਆਰੰਭ ਹੋਇਆ। ਮਾਸਟਰ ਨਿਹਾਲ ਸਿੰਘ ਜੀ (ਗੁਰਪੁਰਵਾਸੀ) ਆਪ ਜੀ ਦੇ ਸੱਦੇ ਤੇ ਬੰਬਈ ਤੋਂ ਹੁਸ਼ਿਆਰਪੁਰ ਆਏ।

ਪ੍ਰੋ: ਕਰਤਾਰ ਸਿੰਘ ਜੀ ਨੇ ਪਹਿਲਾਂ ਮਾਸਟਰ ਨਿਹਾਲ ਸਿੰਘ ਜੀ ਤੋਂ ਆਪ ਕੀਰਤਨ ਸਿਖਿਆ। ਟੀਚਰ ਤਾਂ ਉਹ ਸਨ ਹੀ, ਆਪ ਸਿੱਖ ਕੇ ਹੋਰਨਾਂ ਨੂੰ ਸਿਖਾਉਣਾ ਇਹ ਟੀਚਰ ਦਾ ਜਮਾਂਦਰੂ ਸੁਭਾਅ ਹੁੰਦਾ ਹੈ। ਸੱਤਰ ਬਹੱਤਰ ਸਾਲ ਦੀ ਉਮਰ ਵਿੱਚ ਇੱਕ ਨਵੇਂ ਕਿਸਮ ਦੀ ਸੇਵਾ ਆਰੰਭ ਕਰ ਦਿੱਤੀ ਜਿਸ ਬਾਰੇ ਉਹਨਾਂ ਨੂੰ ਕਦੇ ਚਿੱਤ ਚੇਤੇ ਵੀ ਨਹੀਂ ਸੀ। ਪਰ ਸਾਹਿਬ ਜਾਣੇ ਸੇਵਕ ਪਾਸੋਂ ਕਿਵੇਂ ਸੇਵਾ ਲੈਣੀ ਹੈ। ਮਾਸਟਰ ਨਿਹਾਲ ਸਿੰਘ ਜੀ ਆਪ ਨੂੰ ਨਿਹਾਲ ਕਰ ਕੇ ਚਲੇ ਗਏ ਪਰ ਆਪ ਅਗਲੇ ਵੀਹ ਸਾਲ ਕੀਰਤਨ ਸਿਖਾਉਣ ਦੀ ਸੇਵਾ ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਚੰਡੀਗੜ੍ਹ, ਮੁਹਾਲੀ ਅਤੇ ਰੋਪੜ ਵਿਖੇ ਕਰਦੇ ਰਹੇ। ਅਨੇਕਾਂ ਪ੍ਰਾਣੀਆਂ ਨੇ ਆਪ ਪਾਸੋਂ ਕੀਰਤਨ ਭੀ ਸਿਖਿਆ ਅਤੇ ਗੁਰੂ ਵਾਲੇ ਬਣਨ ਦੀ ਪ੍ਰੇਰਣਾ ਭੀ ਲਈ। ਸੱਚ ਹੈ :-

ਗੁਰਮੁਖਿ ਕੋਟਿ ਉਧਾਰਦਾ ਭਾਈ
ਦੇ ਨਾਵੈ ਏਕ ਕਣੀ।। (ਪੰਨਾ ੬੦੮)

ਇਉਂ'ਸਫਲ ਸਫਲ ਭਈ ਸਫਲ ਜਾਤ੍ਰਾ।'(ਪੰਨਾ ੬੮੭)

15 ਅਪ੍ਰੈਲ 1995 ਨੂੰ ਅਗੰਮੀ ਸਦੜੇ ਆਉਣ ਤੇ ਆਪ ਅਗਲੀ ਸੇਵਾ ਲਈ ਗੁਰੂ ਚਰਨਾਂ ਵਿੱਚ ਜਾ ਹਾਜ਼ਰ ਹੋਏ। ਇਹੋ ਜੇਹੀਆਂ ਬਖ਼ਸ਼ੀਆਂ ਰੂਹਾਂ ਪਰਗਟ ਹੁੰਦੀਆਂ ਰਹਿੰਦੀਆਂ ਹਨ, ਸਾਡੇ ਅੰਗ ਸੰਗ ਵਿਚਰਦੀਆਂ ਭੀ ਹਨ, ਪਰ ਸਾਨੂੰ ਉਹਨਾਂ ਦੇ ਜੀਉਂਦੇ ਜੀ ਅਨੁਮਾਨ ਨਹੀਂ ਲੱਗਦਾ। ਦਾਸ ਨੂੰ 1976 ਵਿੱਚ ਉਹਨਾਂ ਦਾ ਇੱਕ ਹਫਤੇ ਲਈ ਸੰਗ ਪ੍ਰਾਪਤ ਹੋਇਆ ਸੀ। ਉਸੇ ਹੀ ਸੁਗੰਧੀ ਸਦਕਾ ਇਹ ਚਾਰ ਸਤਰਾਂ ਪਾਠਕਾਂ ਨਾਲ ਸਾਂਝੇ ਕਰ ਸਕਿਆ ਹਾਂ।

*****

## "ਸੂਰਾ" ਜਨਵਰੀ, ੧੯੯੬ ਵਿੱਚ ਦਿੱਤੇ ਬੱਚਿਆਂ ਲਈ ਸਵਾਲਾਂ ਦੇ ਜਵਾਬ

੧. ਭਾਈ ਸਾਹਿਬ ਰਣਧੀਰ ਸਿੰਘ ਦੇ ਹਸਪਤਾਲ ਬੀਮਾਰ ਪਏ ਪਿਤਾ ਜੀ ਨੂੰ "ਮੰਨੈ ਕੀ ਪਉੜੀ" ਅਰਥਾਤ 'ਸ਼ਬਦ' ਰੂਪ ਦੁਆਈ ਨਾਲ ਆਰਮ ਆਇਆ।

੨. 'ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ' ਦੇ ਭਾਵ ਅਰਥ ਨਾਲ ਮਿਲਦੀ ਜੁਲਦੀ ਤੁਕ 'ਕੀਰਤਨੀ ਆਸਾ ਦੀ ਵਾਰ' ਵਿੱਚ ਇਹ ਹੈ-

"ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੋ।।੪।।" (ਆਸਾ ਮ: ੪, ਪੰਨਾ ੪੪੯)

੩. 'ਸਿਖ ਰਹਿਤ ਮਰਿਯਾਦਾ' ਅਨੁਸਾਰ ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ, ਨੜੀਮਾਰ, ਕੁੜੀਮਾਰ, ਸਿਰਗੁੰਮ ਨਾਲ ਵਰਤਣ ਭਾਵ ਰੋਟੀ-ਬੇਟੀ ਦੀ ਸਾਂਝ ਰੱਖਣ ਦੀ ਮਨਾਹੀ ਹੈ।

੪. ਅਨੰਦਪੁਰ ਦੇ ਯੁੱਧ ਵਿੱਚ ਮੁਗਲ ਸੈਨਾ ਦਾ ਜਰਨੈਲ ਸੈਦ ਬੇਗ ਜਦੋਂ ਦਸ਼ਮੇਸ਼ ਜੀ ਦੇ ਸਾਹਮਣੇ ਆਇਆ ਤਾਂ ਦਰਸ਼ਨ ਕਰਦਿਆਂ ਸਾਰ ਹੀ ਸ਼ਾਹੀ ਸੈਨਾ ਦਾਂ ਸਾਥ ਛੱਡ ਗਿਆ ਅਤੇ ਸਿੰਘਾਂ ਨਾਲ ਰਲ ਕੇ ਲੜਦਾ ਹੋਇਆ ਸ਼ਹੀਦ ਹੋਇਆ।

੫. ਜਿਹੜੇ ਸਿੱਖ ਗੁਰੂ ਲੜ ਲੱਗ ਕੇ (ਅੰਮ੍ਰਿਤ ਛਕ ਕੇ) ਗੁਰੂ ਤੋਂ ਬੇਮੁਖ ਹੋ ਜਾਂਦੇ ਹਨ ਉਨ੍ਹਾਂ ਵਾਰੇ ਗੁਰਬਾਣੀ ਵਿੱਚ ਆਏ ਗੁਰੂ ਸਾਹਿਬਾਨ ਦੇ ਕੋਈ ਦੋ ਫੁਰਮਾਨ ਇਹ ਹਨ -

(1) ਗੁਰ ਤੇ ਮੁਹੁ ਫੇਰੇ ਜੇ ਕੋਈ, ਗੁਰ ਕਾ ਕਹਿਆ ਨ ਚਿਤਿ ਧਰੈ।।
ਕਰਿ ਆਚਾਰ ਬਹੁ ਸੰਪਉ ਸੰਚੈ, ਜੋ ਕਿਛੁ ਕਰੈ ਸੋ ਨਰਕਿ ਪਰੈ।। (ਪੰਨਾ ੧੩੩੪)

(2) ਸੂਕਰ ਸੁਆਨ ਗਰਧਭ ਮੰਜਾਰਾ।। ਪਸੂ ਮਲੇਛ ਨੀਚ ਚੰਡਾਲਾ।।
ਗੁਰ ਤੇ ਮੁਹੁ ਫੇਰੇ ਤਿਨ ਜੋਨਿ ਭਵਾਈਐ।। ਬੰਧਨਿ ਬਾਧਿਆ ਆਈਐ ਜਾਈਐ।। (ਪੰਨਾ ੮੩੨)



www.AKJ.Org

# A SONG OF BLISS

(S. Jaspinder Singh, Canada)

## Introduction

In the year 1560 A.D. a child was born as grandson of the Third Nanak, Guru Amar Das ji. Lot of Gursikhs came to share the family happiness with Guru Ji. They used the word 'ਅਨੰਦ' (Anand) to express the feeling of joy. However this prompted Guru Ji to tell the Sikhs of True Joy or Bliss through the Gurbâni, titled 'ਅਨੰਦ' in Sri Guru Granth Sahib at pages 917-922 in Rag Ramkali.

This song of Bliss comprises of 40 stanzas. This not only forms part of the daily Nit-Nem and one of the five recitations during Baptism, but the first five and last stanzas are sung toward the end of all Gurmat programs, particularly if Karah Prasad is being offered. Karah Prasad (pudding of wheat flour, purified butter and sugar in equal quantities, and prepared with reciting Gurbani, Jap Ji Sahib) and the six stanzas on all ceremonious occasions, including marriage and death, signify ever high spirit of the Khalsa and acceptance of the Divine Will.

Anad Sahib is a Comprehensive composition, describing the means to realize God and enjoy permanent Bliss. It, infact underscores the purpose of very human life and all the organs to engage only in Nam Devotion. The facility of engaging in too much of Worldliness and cunningness is explained, while stating the worth while things to do. True bliss comes only in experiencing the Presence of god which will keep the evil away and bring pure joy.

ਰਾਮਕਲੀ ਮਹਲਾ ੩ ਅਨੰਦੁ ।।
ੴ ਸਤਿਗੁਰ ਪ੍ਰਸਾਦਿ ।।

The Gurbani titled 'Anand' is by Third Nanak in rag Ramkali. Divine Invocation : The ONE GOD, realized thorugh Grace of True Enlightner!

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ।। ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ।। ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ।। ਸਬਦੇ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ।। ਕਹੈ ਨਾਨਕ ਅਨੰਦੁ ਹੋਆ ਸਤਿਗੁਰੂ ਮੈ ਪਾਇਆ ।।੧।।

O, My Mother ! (God!) Ever since I found the True Enlightener, I am in Bliss. Sat Guru met me naturally ( in a divinely destined way) and my mind is full of happiness. On this occasion of celebrations, the lovely Rags with families, have come to sing joyful songs. Sing thou song of the Lord, which has helped me to see the Lord dwell in my heart. Nanak Says, On meeting Sat Guru, I am in Bliss ! — 1

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ।। ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ।। ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ।। ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ।। ਕਹੈ ਨਾਨਕ ਮੰਨ ਮੇਰੇ ਸਦਾ ਰਹੁ ਹਰਿ ਨਾਲੇ ।।੨।।

O, My mind ! Dwell thou ever in the Presence of the Lord. Dwelling in His Presence, Thy affections shall vanish. Lord is ever so Helpful and all thy need shall be met. Why thou forget such All-Powerful Lord ? Says Nanak, O, My mind ! ever dwell in His Presence ! - 2

Pauris 1 and 2 guide one to live according to wisdom of the Guru as a humble being, one with the Support of God

ਸਾਚੇ ਸਾਹਿਬਾ. ਕਿਆ ਨਾਹੀ ਘਰਿ ਤੇਰੈ ।। ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ।। ਸਦਾ ਸਿਫ਼ਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ।। ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ।। ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ।।੩।।

O, Enternal Being ! What is it, that Thou lack in Thy store, Thou have everything. Only those receive, whom thou give. The most precious gifts are singing Thy Praise and Thy Nam dwelling in the heart - always. Those, who are



www.AKJ.Org

thus bestowed with Nam in their hearts enjoy the celestial music. Say Nanak, what is it, that is not in Thy Store ? - 3

ਸਾਚਾ ਨਾਮੁ ਮੇਰਾ ਆਧਾਰੋ।। ਸਾਚੁ ਨਾਮੁ ਆਧਾਰੁ ਮੇਰਾ ਜਿਨਿ ਭੁਖਾ ਸਭ ਗਵਾਈਆ।। ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ।। ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ।। ਕਹੈ ਨਾਨਕ਼ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ।। ਸਾਚਾ ਨਾਮੁ ਮੇਰਾ ਆਧਾਰੋ।।੪।।

My support is the Eternal Nam. The support of Nam shall banish the fear of lack of security, which leads to greed. Faith in the Lord as the Compassionate Provide for all, bring peace of mind and full satisfaction to the devotee. I am sacrifice unto my Guru, who has taught me to live in the Presence of the Lord, always remembering Him in the heart. Says Nanak, O holy ones ! love Nam and enjoy the Eternal Support of Nam. -4

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ।। ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ।। ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ।। ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ।। ਕਹੈ ਨਾਨ਼ਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ।।੫।।

The fortunate ones, blessed by Thee, hear the ethereal music. Fortunate are those, whom Thou Bless, and they enjoy the ethereal music. The five evils (lust, anger, greed, attachment and self-conseit) are subdued and the fear of death banished with Thy Blessing. It is only the devinely destined, that engage in meditation on Nam. Says Nanak, such blessed people, who carry Nam in their hearts, only live in bliss and enjoy the ethereal music. 5 (Continued)

❖❖❖❖❖

## ਤਿਨਕੀ ਸੰਗਤ ਸਦਾ ਮਿਲ ਰਹੀਐ

(ਅਮਰੀਕ ਸਿੰਘ ਗਰੀਬ)

ਗਰੀਬ ਸਖੀ ਦੇ ਭਾਗ ਨੇ ਜਾਗੇ, ਸਤਿਸੰਗਤ ਜੁ ਪਾਈ।
ਅਉਗਣਾਂ ਨਾਲ ਤਾਂ ਮੈਂ ਭਰੀ ਸਾਂ, ਦਾਤੇ ਮੇਹਰ ਵਰਸਾਈ।
ਸਤਿਸੰਗਤ ਵਿੱਚ ਆਇ ਜੁ ਬੈਠੀ, ਸੀਤਲ ਪਉਣ ਹੈ ਆਈ।
ਸੁੰਦਰ ਸਖੀਆਂ ਪ੍ਰਿਅ ਸੇਜ ਰਾਵਣ, ਕੀ ਆਖਾਂ ਮੇਰੀ ਮਾਈ।
ਸੁਹਾਗਣ ਸਖੀਆਂ ਬੈਸਿ ਵਿੱਚ ਮਜਲਸ, ਰਾਮ ਨਾਮ ਦੀ ਝੜੀ ਹੈ ਲਾਈ।
ਪੀਵਹਿ ਗਟਾਕ ਰਜਿ ਅਮਿਉ ਬਾਣੀ, ਅਰਸ਼ੋਂ ਨਿੱਝਰ ਧਾਰ ਚਵਾਈ।
ਧਾਵਤ ਬਰਜਿ ਉਨਮਨ ਲਿਵ ਲਾਵਹਿ, ਦਸਮ ਦੁਆਰ ਤਿਨ ਸੋਝੀ ਪਾਈ।
ਭਾਇ ਭਗਤਿ ਰਚਿ ਅਮਿਉ ਬਿਲੋਵਹਿ, ਆਪਿ ਚਖਿ ਅਵਰਾ ਚਖਾਈ।
ਸਤਿਸੰਗਤ ਬੈਕੁੰਠ ਹੈ ਧਾਮ, ਪੰਚ ਬਲੀ ਤਿਥੈ ਪਹੁੰਚ ਨ ਪਾਈ।
ਨਿੰਦ ਚਿੰਦ ਮਤਸਰ ਨਹੀ ਪੋਹੈ, ਆਸਾ ਮਨਸਾ ਸਗਲ ਜਲਾਈ।
ਡਿਗਨ ਡੋਲਾ ਭ੍ਰਮ ਨ ਭੀਤ, ਹਰਿ ਰਸ ਭੁੰਚ ਸਭ ਤ੍ਰਿਪਤ ਅਘਾਈ।
ਸਤ ਸੰਤੋਖ ਦਇਆ ਛਿਮਾ ਧਾਰਿ, ਦਰਸ ਪਰਸਿ ਹੈ ਸਭ ਤ੍ਰਿਪਤਾਈ।
ਸਖੀਆਂ ਹਿਕਦੂੰ ਹਿਕ ਚੜ੍ਹੰਦੀਆਂ, ਸਚੀ ਕਾਰ ਗੁਰੂ ਹੈਂ ਲਾਈ।
ਅਨਦਿਨ ਸਚਾ ਸਬਦ ਕਮਾਵਣ, ਸਾਸ ਨ ਕੋਊ ਬਿਰਥਾ ਜਾਈ।
ਬੈਰਾਗ ਰਿਦੈ ਉਚਰਹਿ ਗੁਰਬਾਣੀ, ਪੇਖਿ ਪ੍ਰੀਤਮ ਰਹੀ ਬਿਗਸਾਈ।
ਦ੍ਰਿਸਟਮਾਨ ਸਭ ਜਾਣਕੈ ਮਿਥਿਆ, ਧਾਤ ਛੋਡਿ ਰਹੀ ਲਿਵ ਲਾਈ।
ਜੀਵਨ ਮੁਕਤ ਪ੍ਰਿਅ ਗੁਰਮੁਖ ਸਖੀਆਂ, ਸਚੇ ਆਪ ਸਵਾਰੀ।
ਸੁਣ ਉਪਦੇਸ ਅਮਲ ਮਹਿ ਲਿਆਵਹਿ, ਸੱਚੀ ਆਗਿਆਕਾਰੀ।
ਤਿਨਕੀ ਸੰਗਤ ਸਦਾ ਮਿਲ ਰਹੀਐ, ਜਮ ਨ ਕਰੇ ਖੁਆਰੀ।
'ਗਰੀਬ' ਸੇਵਕ ਕਉ ਭੀ ਸੰਗ ਰਾਖਹੁ, ਜਾਉ ਸਦਾ ਤੋਹਿ ਬਲਿਹਾਰੀ।



www.AKJ.Org

# ਸਤਿਗੁਰ ਤੇ ਜੋ ਮੁਹੁ ਫੇਰੇ

ਕਾਕਾ ਰਣਵੀਰ ਸਿੰਘ ਅਮਰੀਕਾ ਦੇ ਰਹਿਣ ਸਹਿਣ ਤੋਂ ਐਸਾ ਪ੍ਰਭਾਵਤ ਹੋਇਆ ਕਿ ਉਸ ਦੀ ਮੱਤ ਮਾਰੀ ਗਈ ਅਤੇ ਦਾੜ੍ਹੀ ਕੇਸ ਮੁਨਾ ਦਿੱਤੇ। ਉਸ ਨੇ ਆਪਣੇ ਪਿਤਾ ਨੂੰ ਚਿੱਠੀ ਲਿਖੀ ਕਿ ਮੈਂ ਦਾੜ੍ਹੀ ਕੇਸ ਮੁਨਾ ਦਿੱਤੇ ਹਨ ਅਤੇ ਐਮ. ਏ. ਕਰਨ ਉਪਰੰਤ ਪੀ. ਐਚ. ਡੀ. ਕਰ ਰਿਹਾ ਹਾਂ। ਇਹ ਚਿੱਠੀ ਜਦ ਗੁਰਮੁਖ ਪਿਤਾ ਨੇ ਪੜ੍ਹੀ ਤਾਂ ਉਨ੍ਹਾਂ ਨੇ ਖੂਨ ਦੇ ਅੱਥਰੂ ਕੇਰੇ, ਦਿਨ ਦਿਹਾੜੇ ਘੁੱਪ ਹਨ੍ਹੇਰਾ ਛਾ ਗਿਆ, ਦਿਲ ਚੀਰਿਆ ਗਿਆ। ਐਸੀ ਠੇਸ ਪਹੁੰਚੀ ਕਿ ਲੱਗੇ ਅਰਦਾਸ ਕਰਨ। ਅਰਦਾਸ ਕਰਨ ਉਪ੍ਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲਿਆ ਅਤੇ ਹੁਕਮਨਾਮੇ ਤੇ ਵਿਚਾਰ ਕਰ ਕੇ ਚਿੱਠੀ ਲਿਖਣ ਬੈਠ ਗਏ। ਉਨ੍ਹਾਂ ਲਿਖਿਆ ਕਿ ਕਾਕਾ ! ਸਿੱਖੀ ਸਰੂਪ ਕਤਲ ਹੋਣ ਦੇ ਨਾਲ ਹੀ ਤੈਨੂੰ ਮੇਰਾ ਪੁੱਤਰ ਕਹਾਉਣ ਦਾ ਹੱਕ ਵੀ ਕਤਲ ਹੋ ਗਿਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜੋ ਸਿੱਖ ਗੁਰ ਮਰਿਯਾਦਾ ਵਿੱਚ ਨਹੀਂ ਰਹਿੰਦਾ, ਗੁਰ-ਹੁਕਮਾਂ ਅੰਦਰ ਨਹੀਂ ਚਲਦਾ, ਉਹ ਗੁਰੂ ਤੋਂ ਵਿਛੜ ਕੇ ਐਸੀਆਂ ਚੋਟਾਂ ਖਾਂਦਾ ਹੈ ਕਿ ਉਸ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ। ਆਪਣਾ ਆਪ ਸੰਭਾਲ ! ਕੇਸ ਕਤਲ ਕਰਵਾ ਕੇ ਤੂੰ ਜਿਹੜੀ ਵਿਦਿਆ ਹਾਸਲ ਕਰੇਂਗਾ ਉਹ ਤੇਰੇ ਕਿਸੇ ਕੰਮ ਨਹੀਂ ਆਵੇਗੀ। ਉਸ ਦਿਨ ਤੋਂ ਬਾਅਦ ਰਣਵੀਰ ਸਿੰਘ ਦੇ ਪਿਤਾ ਨੇ ਕਦੇ ਵੀ ਉਸ ਨੂੰ ਕੋਈ ਚਿੱਠੀ ਨਾ ਲਿਖੀ।

ਦੋ ਕੁ ਸਾਲਾਂ ਬਾਅਦ ਰਣਵੀਰ ਸਿੰਘ ਪੀ. ਐਚ. ਡੀ. ਕਰ ਕੇ ਵਾਪਸ ਦੇਸ ਪਰਤ ਆਇਆ, ਆਉਂਦਿਆ ਹੀ ਮਹਾਰਾਜਾ ਪਟਿਆਲਾ ਨੇ ਰਣਵੀਰ ਸਿੰਘ ਨੂੰ ਜੱਜ ਦੀ ਨੌਕਰੀ ਦੇ ਦਿੱਤੀ। ਨੌਕਰੀ ਕਰਦਿਆਂ ਅਜੇ ਦੋ ਕੁ ਮਹੀਨੇ ਹੀ ਹੋਏ ਹੋਣਗੇ ਕਿ ਪਿਤਾ ਜੀ ਦੇ ਕਹੇ ਹੋਏ ਬਚਨ ਸੱਚ ਹੋ ਨਿੱਬੜੇ। ਆਪਣੇ ਆਪ ਨੂੰ ਡਾ: ਰਣਵੀਰ ਸਿੰਘ ਐਮ. ਏ., ਪੀ. ਐਚ. ਡੀ. (ਯੂ. ਐਸ. ਏ.) ਲਿਖਣ ਵਾਲਾ ਹੁਣ ਦਿਮਾਗੀ ਸੰਤੁਲਨ ਗੁਆ ਬੈਠਾ ਅਤੇ ਪਾਗਲ ਹੋ ਕੇ ਪਟਿਆਲਾ ਸ਼ਹਿਰ ਦੀਆਂ ਗਲੀਆਂ ਵਿੱਚ ਫਿਰਨ ਲੱਗਾ। ਉਹ ਐਸਾ ਪਾਗਲ ਹੋਇਆ ਕਿ ਸਿੱਖੀ ਸਰੂਪ ਕਤਲ ਕਰਨ ਅਤੇ ਆਪਣੇ ਗੁਰਸਿੱਖ ਪਿਤਾ ਦੇ ਦਿਲ ਤੇ ਆਰੇ ਚਲਾਉਣ ਦਾ ਫਲ ਮਰਦੇ ਦਮ ਤੱਕ ਭੁਗਤਦਾ ਰਿਹਾ।

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ।।
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ।।੫।। (ਪੰਨਾ ੨੩੩)

# ਤੁਸਾਂ ਪੁੱਤ ਵਾਰ 'ਤੇ ਸੀ ਸਾਡੇ ਉੱਤੋਂ, ਅਸਾਂ ਜ਼ਰਾ ਵੀ ਕਦਰ ਨਾ ਪਾਈ

(ਸੁਖਵੰਤ ਸਿੰਘ, ਲਤਾਲਾ)

ਤੁਸਾਂ ਆਰੇ ਥੱਲੇ ਲਾਈਆਂ ਸੀ ਸਮਾਧੀਆਂ, ਅਸਾਂ ਮਿੰਟ ਵਿੱਚ ਦਾੜ੍ਹੀ ਰਗੜਾਈ।
ਭਾਈ ਤਾਰੂ ਨੇ ਸੀ ਖੋਪਰੀ ਲੁਹਾਈ, ਅਸਾਂ ਮਿੰਟ ਵਿੱਚ ਖੋਪਰੀ ਮੁਨਾਈ।
ਤੁਸਾਂ ਪੁੱਤ ਵਾਰ 'ਤੇ ਸੀ ਸਾਡੇ ਉੱਤੋਂ, ਅਸਾਂ ਜ਼ਰਾ ਵੀ ਕਦਰ ਨਾ ਪਾਈ।
ਉਹ ਵੀ ਮਾਵਾਂ ਸੀ ਜਿਨ੍ਹਾਂ ਬੱਚਿਆਂ ਨੂੰ, ਟੋਟੇ ਟੋਟੇ ਕਰਵਾਇਆ।
ਸਵਾ ਸਵਾ ਮਣ ਦੇ ਪੀਸਣੇ ਪੀਸੇ, ਰਹਿ ਕੇ ਭੁੱਖੀਆਂ ਤਿਹਾਈਆਂ।
ਫਿਰ ਵੀ ਧਰਮ ਬਚਾਇਆ, ਅੱਜ ਅਸੀਂ ਫਿਰਦੀਆਂ ਛੋਲੀਆਂ ਮੁਨਾਈ,
ਤੁਸਾਂ ਪੁੱਤ ਵਾਰ 'ਤੇ ਸੀ ਸਾਡੇ ਉੱਤੋਂ, ਅਸਾਂ ਜ਼ਰਾ ਵੀ ਕਦਰ ਨਾ ਪਾਈ।
ਤੁਸਾਂ ਗਿੱਦੜਾਂ ਤੋਂ ਸ਼ੇਰ ਬਣਾਇਆ ਸੀ, ਅਸੀਂ ਸ਼ੇਰਾਂ ਤੋਂ ਗਿੱਦੜ ਬਣ ਬੈਠੇ।
ਤੁਸਾਂ ਅੰਮ੍ਰਿਤ ਸਾਨੂੰ ਪਿਲਾਇਆ ਸੀ, ਅਸੀਂ ਠੇਕੇ ਤੇ ਆ ਕੇ ਜਾ ਬੈਠੇ।
ਸ਼ੇਰਾਂ ਦਾ ਬਾਣਾ ਲਾਹ ਕੇ, ਅਸੀਂ ਖੱਲ ਗਿੱਦੜਾਂ ਦੀ ਪਾਈ।
ਤੁਸਾਂ ਪੁੱਤ ਵਾਰ 'ਤੇ ਸੀ ਸਾਡੇ ਉੱਤੋਂ, ਅਸਾਂ ਜ਼ਰਾਂ ਵੀ ਕਦਰ ਨਾ ਪਾਈ।



www.AKJ.Org

# ਗੁਰਬਾਣੀ

(ਸ੍ਰ: ਅਮਰੀਕ ਸਿੰਘ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਪਾਰਸ ਮਈ-ਅੰਮ੍ਰਿਤ ਰਸਾਇਣੀ ਹੈ, ਜੋ ਪੂਰੇ ਸਤਿਗੁਰਾਂ ਨੇ ਸਰਬ ਜੀਵਾਂ ਨੂੰ ਦੁੱਖ, ਕਲੇਸ਼, ਰੋਗ, ਸੰਤਾਪ, ਭਰਮ, ਭੈ, ਮੋਹ, ਜੰਜਾਲ, ਚਿੰਤਾ, ਈਰਖਾ, ਦੁਬਿਧਾ, ਬਿਖੈ-ਬਾਸਨਾ ਆਦਿ ਅਗਨੀਆਂ ਤੋਂ ਬਚਾਉਣ ਲਈ ਧੁਰ ਦਰਗਾਹੋਂ ਲਿਆਂਦੀ ਹੈ।

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।
ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।।੫।।" (ਪੰਨਾ ੯੮੨)
"ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ।।" (ਪੰਨਾ ੬੨੮)

ਅੰਮ੍ਰਿਤ ਬਾਣੀ ਉਚਾਰਣ ਕਰਕੇ ਰਸਨਾ ਸੁੱਚੀ/ਪਵਿੱਤਰ ਹੋ ਜਾਂਦੀ ਹੈ। ਅੰਮ੍ਰਿਤ ਬਾਣੀ ਨੂੰ ਪੇਖਕੇ ਨੇਤ੍ਰ ਸ਼ੋਭਨੀਕ ਤੇ ਸੁਣਕੇ ਸ੍ਰਵਣ ਪੁਨੀਤ ਹੋ ਜਾਂਦੇ ਹਨ। ਅੰਮ੍ਰਿਤ ਬਾਣੀ ਲਿਖਣ ਵਾਲੇ ਹਸਤ ਪੁਨੀਤ-ਪਵਿੱਤ੍ਰ ਹੋ ਜਾਂਦੇ ਹਨ। ਅੰਮ੍ਰਿਤ ਬਾਣੀ ਸੁਨਣ ਲਈ ਜੋ ਪਗ ਤੁਰਕੇ ਸਾਧ-ਸੰਗਤ ਵਿੱਚ ਜਾਂਦੇ ਹਨ, ਸਫਲ ਹੋ ਜਾਂਦੇ ਹਨ। ਅੰਮ੍ਰਿਤ ਬਾਣੀ ਦੀ ਝਰਨਾਹਟ ਸੁਣਕੇ ਹਿਰਦਾ ਸੀਤਲ-ਸੁਖਦਾਈ ਹੋ ਜਾਂਦਾ ਹੈ, ਜਗਿਆਸੂ ਜਨ ਸ਼ਬਦ-ਸੁਰਤ ਲਿਵਲੀਨ ਹੋ, ਅਮਿਉ ਰਸ ਦੇ ਗਟਾਕ ਪੀ ਪੀ ਕੇ ਅਲਮਸਤ ਮਤਵਾਰਾ ਹੋ, ਪਾਰਬ੍ਰਹਮ ਪਰਮੇਸ਼ਰ ਸਤਿਗੁਰ ਨਾਲ ਅਭੇਦ ਹੋ ਜਾਂਦਾ ਹੈ।

"ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ।। ਜੋਤੀ ਜੋਤਿ ਮਿਲਾਏ ਸੋਇ।।੨।।" (ਪੰਨਾ ੧੧੭੫)
"ਸਾਚੀ ਬਾਣੀ ਮੀਠੀ ਅੰਮ੍ਰਿਤਧਾਰ।। ਜਿਨਿ ਪੀਤੀ ਤਿਸੁ ਮੋਖ ਦੁਆਰ।।੫।।" (ਪੰਨਾ ੧੨੭੫)
"ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ।।" (ਪੰਨਾ ੪੨੯)

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਾ, ਦਵੈਸ਼ (ਆਦਿ ਬੁਰਿਆਈਆਂ) ਨਾਲ ਮੱਤੇ ਹੋਏ ਜੀਵ ਵੀ ਜੇ ਸਾਧ ਸੰਗਤ ਵਿੱਚ ਬਹਿਕੇ ਅੰਮ੍ਰਿਤ ਬਾਣੀ ਨਾਲ ਜੁੜਨ ਤਾਂ ਉਨ੍ਹਾਂ ਦੇ ਕਠੋਰ ਹਿਰਦੇ ਵੀ ਪਿਘਲ ਕੇ ਦੈਵੀ ਗੁਣ (ਦਇਆ, ਸੰਤੋਖ, ਧਰਮ, ਧੀਰਜ, ਖਿਮਾ, ਨਿਮ੍ਰਤਾ ਆਦਿ) ਧਾਰਣ ਕਰ, ਕਾਗੋਂ-ਹੰਸ ਹੋ ਜਾਂਦੇ ਹਨ। ਐਸੀ ਪਾਰਸ ਰਸਾਇਣੀ ਹੈ ਇਹ ਅੰਮ੍ਰਿਤ ਬਾਣੀ।

# ਸਿੰਘਾਂ ਦਾ ਉੱਚਾ ਆਚਰਨ

ਸੰਨ ੧੭੫੬ ਵਿੱਚ ਅਹਿਮਦਸ਼ਾਹ ਅਬਦਾਲੀ ਨੇ ਮੁਗਲਾਣੀ ਬੇਗਮ ਦੇ ਸੱਦੇ ਤੇ ਹਿੰਦੋਸਤਾਨ ਤੇ ਚੌਥਾ ਹਮਲਾ ਕੀਤਾ। ਮਥਰਾ, ਬਿੰਦਰਾਬਨ, ਆਗਰਾ ਤੇ ਦਿੱਲੀ ਨੂੰ ਲੁੱਟ ਕੇ ਵਾਪਸ ਆਪਣੇ ਦੇਸ਼ ਨੂੰ ਪਰਤਿਆ ਤਾਂ ਉਸ ਦੇ ਪਾਸ ਹਜ਼ਾਰਾਂ ਪਸ਼ੂਆਂ ਤੇ ਲੱਦਿਆਂ ਸੋਨਾ, ਚਾਂਦੀ ਤੇ ਹੋਰ ਕੀਮਤੀ ਸਾਮਾਨ ਸੀ। ਹਜ਼ਾਰਾਂ ਹੀ ਹਿੰਦੂ ਤੇ ਮੁਸਲਮਾਨ ਨੌਜਵਾਨ ਵਿਆਹੀਆਂ ਤੇ ਕੁਆਰੀਆਂ ਇਸਤ੍ਰੀਆਂ ਨੂੰ ਗੱਡਿਆਂ ਤੇ ਲੱਦੀ ਕੈਦੀ ਬਣਾ ਕੇ ਆਪਣੇ ਦੇਸ਼ ਵਾਸੀਆਂ ਦੇ ਮਨ ਪਰਚਾਵੇ ਲਈ ਗੁਲਾਮ ਬਣਾ ਕੇ ਲਿਜਾ ਰਿਹਾ ਸੀ।

ਖਾਲਸੇ ਨੇ ਫੈਸਲਾ ਕੀਤਾ ਕਿ ਅਬਦਾਲੀ ਪਾਸੋਂ ਦੇਸ਼ ਦੀ ਦੌਲਤ ਖੋਹਣੀ ਅਤੇ ਦੇਸ਼ ਦੀਆਂ ਬਹੂ-ਬੇਟੀਆਂ ਹਰ ਕੀਮਤ ਤੇ ਛੁਡਾਉਣੀਆਂ ਹਨ। ਬਾਬਾ ਦੀਪ ਸਿੰਘ ਜੀ ਦੇ ਜਥੇ ਦੀ ਡਿਊਟੀ ਕੁਰਕੁਸ਼ੇਤਰ ਪਾਸ ਲੱਗੀ। ਪਿਪਲੀ ਤੇ ਮਾਰਕੰਡੇ ਦਰਿਆ ਦੇ ਵਿਚਾਲੇ ਜਦੋਂ ਬਾਬਾ ਦੀਪ ਸਿੰਘ ਜੀ ਨੇ ਭਾਰਤੀ ਮੁਟਿਆਰਾਂ ਦੇ ਕੀਰਨੇ ਤੇ ਹਾਹਾਕਾਰ ਸੁਣੀ ਤਾਂ ਸਿੰਘਾਂ ਨੂੰ ਹੱਲਾ ਬੋਲਣ ਦਾ ਹੁਕਮ ਦਿੱਤਾ। ਸਿੰਘ ਸੂਰਮੇ ਟੁੱਟ ਕੇ ਦੁਰਾਨੀਆਂ ਤੇ ਜਾ ਪਏ। ਕੁਝ ਦੁਰਾਨੀ ਸਿਪਾਹੀਆਂ ਨਾਲ ਲੜਨ ਲੱਗੇ ਅਤੇ ਬਾਕੀਆਂ ਨੇ ਅਬਲਾਵਾਂ ਦੇ ਗੱਡੇ ਹਿਕ ਲਏ ਤੇ ਕੁਝ ਨੇ ਕੀਮਤੀ ਸਾਜ਼ੋ-ਸਮਾਨ ਦੇ ਲੱਦੇ ਹੋਏ ਪਸ਼ੂ ਵੀ ਖੋਹ ਲਏ। ਇਉਂ ਬਾਬਾ ਦੀਪ ਸਿੰਘ ਜੀ ਦੇ ਜਥੇ ਦੇ ਸਿੰਘਾਂ ਨੇ ਦੁਰਾਨੀ ਲੁਟੇਰੇ ਦਾ ਭਾਰ ਹੌਲਾ ਕੀਤਾ, ੩੦੦ ਦੇ ਕਰੀਬ ਭਾਰਤੀ ਸੁੰਦਰ ਨਾਰੀਆਂ ਤੇ ੧੦੦ ਕੁ ਸੁੰਦਰ ਲੜਕੇ ਦੁਰਾਨੀ ਦੀ ਕੈਦ ਵਿਚੋਂ ਛੁਡਾਏ।

ਕੋਈ ਮਰਹੱਟਾ, ਰਾਜਪੂਤ, ਰੁਹੇਲਾ ਇਨ੍ਹਾਂ ਮਜ਼ਲੂਮਾਂ ਦੀ ਮਦਦ ਤੇ ਨਾ ਪੁੱਜਾ ਪਰ ਗੁਰੂ ਕੇ ਸ਼ੇਰ ਸਿੰਘਾਂ ਨੇ ਇਨ੍ਹਾਂ ਮਜ਼ਲੂਮਾਂ ਨੂੰ ਛੁਡਾਇਆ ਹੀ ਨਹੀਂ ਸਗੋਂ ਕੋਲੋਂ ਖਰਚ ਕਰਕੇ, ਨਾਲ ਜਾ ਕੇ ਘਰੋ ਘਰੀ ਪਹੁੰਚਾਇਆ, ਭਾਵੇਂ ਇਹ ਹਿੰਦੂ ਬੱਚੇ ਬੱਚੀਆਂ ਸਨ ਜਾਂ ਮੁਸਲਮਾਨ। ਸਿੰਘਾਂ ਦੇ ਉੱਚੇ ਸੁੱਚੇ ਆਚਰਨ ਕਾਰਨ ਹੀ ਤਾਂ ਲੋਕੀਂ ਕਹਿੰਦੇ ਸਨ-

ਮੋੜੀਂ ਬਾਬਾ ਕੱਛ ਵਾਲਿਆ, ਛਈ।
ਨਹੀਂ ਤਾਂ ਰੰਨ ਗਈ, ਬਸਰੇ ਨੂੰ ਗਈ।

ਬਾਬਾ ਦੀਪ ਸਿੰਘ ਵਾਂਗੂੰ ਸਿੰਘਾਂ ਦੇ ਹੋਰ ਜਥੇ ਵੀ ਆਪਣੀ ਆਪਣੀ ਡਿਊਟੀ ਅਟਕ ਦਰਿਆ ਤੱਕ ਨਿਭਾਉਂਦੇ ਰਹੇ ਅਤੇ ਭਾਰਤ ਦੀ ਇੱਜ਼ਤ ਨੂੰ ਬਚਾ ਕੇ ਘਰੀਂ ਪਹੁੰਚਾਉਂਦੇ ਰਹੇ। ਅਟਕ ਪੁੱਜਦਿਆਂ ਤੱਕ ਅਬਦਾਲੀ ਦਾ ਹੋਰ ਮਾਲ-ਦੌਲਤ ਦਾ ਭਾਰ ਵੀ ਬਹਾਦਰ ਸਿੰਘਾਂ ਨੇ ਕਾਫੀ ਹਲਕਾ ਕਰ ਦਿੱਤਾ।


www.AKJ.Org

# ਬਾਪੂ ਜੀ ਤੇ ਬੱਚੇ (੧੯)

ਬਾਪੂ ਜੀ "ਸੂਰਾ" ਰਸਾਲਾ ਪੜ੍ਹ ਰਹੇ ਸੀ ਕਿ ਬੱਚਿਆਂ ਨੇ ਆਣ ਫਤਹ ਗਜਾਈ। ਕੁਲਜੀਤ ਸਿੰਘ ਕਹਿਣ ਲੱਗਾ-

ਕੁਲਜੀਤ ਸਿੰਘ :- ਬਾਪੂ ਜੀ ! ਅੱਜ ਕਲ੍ਹ ਦੇਖਾ ਦੇਖੀ ਕਈ ਸਿੱਖਾਂ ਦੇ ਮੁੰਡੇ ਵੀ ਪਟਕੇ ਉੱਪਰ ਟੋਪੀਆਂ ਪਾਣ ਲੱਗ ਪਏ ਆ। ਕਈ ਮੁੰਡੇ ਪੱਗ ਦੀ ਸ਼ਕਲ ਵਰਗੀਆਂ ਉਨ ਦੀਆਂ ਬੁਣੀਆਂ ਹੋਈਆਂ ਟੋਪੀਆਂ ਪੌਂਦੇ ਆ। ਕਈ ਵੱਡੀ ਉਮਰ ਦੇ ਮੁੰਡੇ ਪੱਗ ਉੱਕਾ ਈ ਨਹੀਂ ਬੰਨ੍ਹਦੇ, ਛੋਟੇ ਬੱਚਿਆਂ ਦੀ ਤਰ੍ਹਾਂ ਪਟਕਾ ਈ ਬੰਨ੍ਹੀ ਫਿਰਦੇ ਆ। ਕੀ ਸਿੱਖਾਂ ਦੇ ਮੁੰਡਿਆਂ ਵਾਸਤੇ ਇਹ ਠੀਕ ਹੈ ?

ਬਾਪੂ ਜੀ :- ਬਿਲਕੁੱਲ ਨਹੀਂ।

ਕੁਲਜੀਤ ਸਿੰਘ :- ਕਿਉਂ ?

ਬਾਪੂ ਜੀ :- ਕਿਉਂਕਿ ਖਾਲਸਾ ਨਿਆਰਾ ਹੈ, ਇਸ ਦਾ ਪਹਿਰਾਵਾ ਅਤੇ ਰਹੁ-ਰੀਤ ਬਾਕੀ ਲੋਕਾਂ ਨਾਲੋਂ ਵੱਖਰੀ ਹੈ। ਇਹ ਪੰਜ ਕਕਾਰਾਂ ਦਾ ਧਾਰਨੀ ਹੈ। ਕੇਸ ਅਤੇ ਦਸਤਾਰ ਇਸ ਦਾ ਅਨਿੱਖੜਵਾਂ ਅੰਗ ਹਨ। ਅਣ-ਕਟੇ ਕੇਸ ਤੇ ਦਸਤਾਰ, ਇਸ ਦੇ ਸਿੱਖ ਹੋਣ ਦੀ ਨਿਸ਼ਾਨੀ ਹੈ। ਸਿੱਖ ਵਾਸਤੇ ਟੋਪੀ ਪਾਉਣੀ ਗੁਰ-ਮਰਯਾਦਾ ਤੋਂ ਉਲਟ ਹੈ।

ਪ੍ਰਭਜੋਤ :- ਗੁਰ-ਮਰਯਾਦਾ ਕੀ ਹੁੰਦੀ ਆ ?

ਬਾਪੂ ਜੀ:-ਗੁਰੂ ਵੱਲੋਂ ਮਿਥੀ ਗਈ ਰਹੁ-ਰੀਤ, ਰਹਿਤ-ਰਹਿਣੀ।

ਕੁਲਜੀਤ ਸਿੰਘ :-ਟੋਪੀ ਬਾਰੇ ਗੁਰ-ਮਰਯਾਦਾ ਕੀ ਹੈ ?

ਬਾਪੂ ਜੀ :-ਟੋਪੀ ਪਹਿਨਣ ਵਾਲੇ ਕੇਸਾਂ ਵਿੱਚ ਕੰਘਾ ਨਹੀ ਰੱਖ ਸਕਦੇ ਜਿਹੜਾ ਇੱਕ ਕਕਾਰ ਹੈ, ਕਕਾਰ-ਹੀਣ ਕੁਰਹਿਤੀਆ ਹੋ ਜਾਂਦਾ ਹੈ ਅਤੇ ਜੇ ਉਸ ਨੇ ਕੇਸ ਕੱਟੇ ਹੋਏ ਹੋਣ ਤਾਂ ਉਹ ਪਤਿਤ ਗਿਣਿਆ ਜਾਂਦਾ ਹੈ। ਪਤਿਤ ਨੂੰ ਸਿੱਖੀ ਦਾਇਰੇ ਵਿੱਚ ਆਉਣ ਵਾਸਤੇ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ ਅਤੇ ਕੁਰਹਿਤੀਏ ਨੂੰ ਭੁੱਲ ਬਖਸ਼ਾਉਣੀ ਪੈਂਦੀ ਹੈ।

ਸਿੱਖਾਂ ਵਾਸਤੇ "ਸਾਬਤ ਸੂਰਤਿ, ਦਸਤਾਰ ਸਿਰਾ" ਦਾ ਧਾਰਨੀ ਹੋਣਾ ਸਤਿਗੁਰੂ ਦਾ ਆਦੇਸ਼ ਹੈ। ਰਹਿਤਨਾਮੇ ਵਿੱਚ ਤਾਂ ਏਥੋਂ ਤੀਕ ਲਿਖਿਆ ਹੋਇਆ ਹੈ ਕਿ ਜਿਹੜਾ ਸਿੱਖ ਦਸਤਾਰ ਦੀ ਥਾਂ ਟੋਪੀ ਪਹਿਨੇਗਾ ਉਹ ਸੱਤ ਜਨਮ ਕੁਸ਼ਟੀ (ਕੋਹੜੀ) ਹੋ ਕੇ ਮਰੇਗਾ।

"ਸਿੱਖ ਹੋਇ ਸਿਰ ਟੋਪੀ ਧਰੈ,ਸਾਤ ਜਨਮ ਕੁਸ਼ਟੀ ਹੋਇ ਮਰੈ।"

ਏਨੀ ਵੱਡੀ ਸਜ਼ਾ ਗੁਰ-ਹੁਕਮਾਂ ਦੀ ਉਲੰਘਣਾ ਕਰਨ ਕਰਕੇ ਹੀ ਹੈ।

ਕੁਲਜੀਤ ਸਿੰਘ :-ਉੱਨ ਦੀ ਬੁਣੀ ਹੋਈ ਟੋਪੀ ਦੂਰੋਂ ਤਾਂ ਪੱਗ ਈ ਲਗਦੀ ਆ।

ਬਾਪੂ ਜੀ :-ਇਹ ਧੋਖਾ ਹੈ, ਟੋਪੀ, ਟੋਪੀ ਹੀ ਹੈ ਚਾਹੇ ਉਸ ਦੀ ਸ਼ਕਲ ਕੋਈ ਵੀ ਹੋਵੇ।

ਕੁਲਜੀਤ ਸਿੰਘ :-ਕੀ ਮਾਵੇ ਵਾਲੀ ਪੱਗ ਵੀ ਟੋਪੀ ਹੈ ?

ਬਾਪੂ ਜੀ :-ਜੇ ਉਹ ਟੋਪੀ ਦੀ ਤਰ੍ਹਾਂ ਈ ਸਿਰ ਤੋਂ ਲਾਹ ਲਈ ਜਾਂਦੀ ਹੈ ਅਤੇ ਟੋਪੀ ਵਾਂਗ ਹੀ ਸਿਰ ਤੇ ਰੱਖ ਲਈ ਜਾਂਦੀ ਹੈ ਤਾਂ ਉਹ ਪੱਗ-ਨੁਮਾ ਟੋਪੀ ਹੀ ਹੈ। ਗੁਰੂ ਦਾ ਹੁਕਮ ਪੱਗ ਚੁਣ ਚੁਣ ਕੇ ਬੰਨ੍ਹਣ ਦਾ ਹੈ। ਸਵੇਰ ਸ਼ਾਮ ਦੋ ਵੇਲੇ ਕੇਸ ਕੰਘਾ ਕਰਨਾ ਅਤੇ ਪੱਗ ਚੁਣ ਚੁਣ ਕੇ ਬੰਨ੍ਹਣੀ। ਭਾਈ ਨੰਦ ਲਾਲ ਸਿੰਘ ਜੀ ਦੇ 'ਤਨਖਾਹਨਾਮਾ' ਵਿੱਚ ਇਉਂ ਲਿਖਿਆ ਹੋਇਆ ਹੈ-

"ਕੰਘਾ ਦੋਨੋ ਵਕਤ ਕਰ, ਪਾਗ ਚੁਨੇ ਕਰ ਬਾਂਧਈ।"

ਜਿਹੜੇ ਸਿੱਖ ਮਾਵੇ (ਮਾਂਡੀ) ਵਾਲੀ ਪੱਗ ਇੱਕ ਵੇਰ ਬੰਨ੍ਹ ਕੇ ਮਹੀਨਾ ਮਹੀਨਾ ਉਸ ਨੂੰ ਉਧੇੜਦੇ ਹੀ ਨਹੀਂ, ਉਵੇਂ ਹੀ ਮੈਲੀ ਕੁਚੈਲੀ ਟੋਪੀ ਵਾਂਗ ਸਿਰ ਤੇ ਧਰੀ ਫਿਰਦੇ ਹਨ ਉਹ "ਪਾਗ ਚੁਨੇ ਕਰ ਬਾਂਧਈ" ਵਾਲੇ ਹੁਕਮ ਦੀ ਉਲੰਘਣਾ ਕਰਦੇ ਹਨ। ਇੱਥੇ ਹੀ ਬੱਸ ਨਹੀ ਨੰਗੇ ਸਿਰ ਬਾਹਰ-ਅੰਦਰ ਫਿਰਨ ਦੀ ਅਵੱਗਿਆ ਵੀ ਕਰਦੇ ਹਨ ਜਿਸ ਬਾਰੇ ਰਹਿਤਨਾਮੇ ਵਿਚ ਇਹ ਕੁਝ ਲਿਖਿਆ ਹੋਇਆ ਹੈ-

ਨਗਨ ਹੋਇ ਬਾਹਰ ਫਿਰੇ, ਨਗਨ ਸੀਸ ਜੋ ਖਾਇ।
ਨਗਨ ਪ੍ਰਸਾਦਿ ਜੋ ਬਾਂਟਈ, ਤਨਖਾਹੀ ਬਡੋ ਕਹਾਇ।

ਕੁਲਜੀਤ ਸਿੰਘ :- ਕੀ ਪੱਗ ਟੋਪੀ ਵਾਂਗ ਨਹੀਂ ਲਾਹੁਣੀ ਚਾਹੀਦੀ ?

ਬਾਪੂ ਜੀ :- ਨਹੀਂ। ਜਿਵੇਂ ਅਸੀਂ ਚੁਣ ਚੁਣ, ਸੁਆਰ ਸੁਆਰ ਪੱਗ ਬੰਨ੍ਹਦੇ ਹਾਂ ਉਵੇਂ ਹੀ ਸਾਨੂੰ ਪੇਚ-ਦਰ-ਪੇਚ ਉਤਾਰਨੀ ਚਾਹੀਦੀ ਹੈ।

ਕੁਲਜੀਤ ਸਿੰਘ :- ਪੱਗ ਭਾਵੇਂ ਪੇਚ-ਦਰ-ਪੇਚ ਉਤਾਰੋ ਜਾਂ ਟੋਪੀ ਵਾਂਗ, ਸਿਰ ਤਾਂ ਨੰਗਾ ਹੋ ਹੀ ਜਾਂਦਾ ਹੈ। ਬਹੁਤੇ ਸਿੱਖ ਨੰਗੇ ਸਿਰ ਹੀ ਰੋਟੀ ਪਾਣੀ ਖਾਂਦੇ ਪੀਂਦੇ ਅਤੇ ਅੰਦਰ ਬਾਹਰ ਫਿਰਦੇ ਆ।

ਬਾਪੂ ਜੀ :- ਕੇਸਕੀ (ਛੋਟੀ ਦਸਤਾਰ) ਦੀ ਵਰਤੋਂ ਕਰਨ ਵਾਲੇ ਨੰਗੇ ਸਿਰ ਰਹਿਣ ਦੀ ਅਵੱਗਿਆ ਤੋਂ ਬਚੇ ਰਹਿੰਦੇ ਹਨ ਖਾਸਕਰ ਬੀਬੀਆਂ ਜਿਨ੍ਹਾਂ ਨੇ ਰੋਟੀ ਬਣਾਉਣ ਅਤੇ ਵਰਤਾਉਣ ਦਾ ਕੰਮ ਕਰਨਾ ਹੁੰਦਾ ਹੈ।

ਕੁਲਜੀਤ ਸਿੰਘ :- ਇਸ ਦਾ ਮਤਲਬ ਤਾਂ ਫਿਰ ਇਹ ਹੋਇਆ ਕਿ ਸਿੰਘਾਂ, ਬੀਬੀਆਂ ਅਤੇ ਬੱਚਿਆਂ ਵਾਸਤੇ ਕੇਸਕੀ ਦੀ ਵਰਤੋਂ ਬਹੁਤ ਜ਼ਰੂਰੀ ਹੈ, ਤਾਹੀਓਂ ਅਸੀਂ ਨੰਗੇ ਸਿਰ ਲੰਗਰ ਵਰਤਾਉਣ, ਛਕਣ, ਅਤੇ ਫਿਰਨ ਤੁਰਨ ਦੀ ਗਲਤੀ ਤੋਂ ਬੱਚ ਸਕਾਂਗੇ।

ਅੰਮ੍ਰਿਤਪਾਲ :- ਬਾਪੂ ਜੀ ! ਨੰਗਾ ਸਿਰ ਕਿਉਂ ਨਹੀਂ ਰੱਖਣਾ ਚਾਹੀਦਾ ?

ਬਾਪੂ ਜੀ :- ਸਿਰ ਤੇ ਦਸਤਾਰ ਰੱਖਣੀ ਗੁਰੂ ਦਾ ਹੁਕਮ ਹੈ।

ਸਿੱਖ ਵਾਸਤੇ ਗੁਰੂ ਦਾ ਹੁਕਮ ਮੰਨਣਾ ਸਿੱਖ ਹੋਣ ਦੀ ਪਹਿਲੀ ਸ਼ਰਤ ਹੈ। ਜਿਹੜਾ ਸਿੱਖ ਗੁਰੂ ਦਾ ਹੁਕਮ ਨਹੀਂ



www.AKJ.Org

ਮੰਨਦਾ ਉਹ ਬੇਮੁੱਖ ਹੈ। ਗੁਰੂ ਤੋਂ ਬੇਮੁੱਖ ਹੋਇਆਂ ਧੱਕੇ ਹੀ ਧੱਕੇ ਹਨ, ਖੱਜਲ ਖੁਆਰੀ ਹੀ ਹੈ, ਨਾ ਇੱਥੇ ਸੁਖ ਨਾ ਅੱਗੇ ਪ੍ਰਲੋਕ ਵਿੱਚ ਢੋਈ। ਦਸਤਾਰ ਕੇਸਾਂ ਨੂੰ ਮਿੱਟੀ ਘੱਟੇ, ਸੱਟ ਚੋਟ ਅਤੇ ਗਰਮੀ ਸਰਦੀ ਤੋਂ ਬਚਾਈ ਰੱਖਣ ਲਈ ਢੁੱਕਵਾਂ ਪਹਿਰਾਵਾ ਹੈ। ਅੰਮ੍ਰਿਤ ਸੰਚਾਰ ਸਮੇਂ ਸਾਡੇ ਸੀਸ ਵਿੱਚ ਅੰਮ੍ਰਿਤ ਪਾਇਆ ਜਾਂਦਾ ਹੈ ਤਾਂ ਜੋ ਅਸੀਂ ਰੌਸ਼ਨ-ਦਿਮਾਗ ਹੋ ਜਾਈਏ, ਸਾਡਾ ਗਿੱਦੜਪੁਣਾ ਖਤਮ ਹੋ ਜਾਏ ਅਤੇ ਅਸੀਂ ਨਿਰਭੈ ਹੋ ਕੇ ਵਿਚਰੀਏ। ਜੇ ਅਸੀਂ ਸਿਰ ਨੂੰ ਢੱਕ ਕੇ ਨਹੀਂ ਰੱਖਾਂਗੇ ਤਾਂ ਗਲੀਆਂ ਰਾਹਾਂ ਦਾ ਗੰਦਾ ਮੰਦਾ ਘੱਟਾ ਉਡ ਉਡ ਸਾਡੇ ਸਿਰ ਵਿੱਚ ਪੈਂਦਾ ਰਹੇਗਾ ਜਿਹੜਾ ਅੰਮ੍ਰਿਤ ਨਾਲ ਸਿੰਜੇ ਸੀਸ ਦੀ ਪਵਿੱਤਰਤਾ ਨੂੰ ਨਸ਼ਟ ਕਰਨ ਵਿੱਚ ਆਪਣਾ ਭੈੜਾ ਅਸਰ ਪਾਏਗਾ।

ਪ੍ਰਭਜੋਤ :- ਬਾਪੂ ਜੀ ! ਨੰਗੇ ਸਿਰ ਵਿੱਚ ਉਡ ਕੇ ਪਈ ਮਿੱਟੀ ਵਾਲਾਂ ਨਾਲ ਚਿੰਬੜ ਜਾਂਦੀ ਆ। ਕੇਸ ਧੋਣ ਲਈ ਸਾਬਣ ਵੀ ਜਾਦਾ ਲਗਦਾ ਆ।

ਬਾਪੂ ਜੀ :- ਸ਼ਾਬਾਸ਼ !

ਅੰਮ੍ਰਿਤਪਾਲ :- ਬਾਪੂ ਜੀ ! ਕਈ ਦਾੜ੍ਹੀਆਂ ਵਾਲੇ ਮੁੰਡੇ ਵੀ ਬੌਚਿਆਂ ਦੀ ਤਰ੍ਹਾਂ ਪਟਕੇ ਬੰਨ੍ਹੀ ਫਿਰਦੇ ਆ। ਸਕੂਲਾਂ ਵਿੱਚ ਵੀ ਪਟਕੇ ਬੰਨ੍ਹ ਕੇ ਈ ਆਉਂਦੇ ਆ।

ਕੁਲਜੀਤ ਸਿੰਘ :- ਬਾਪੂ ਜੀ ! ਸਿੱਖਾਂ ਦੇ ਮੁੰਡਿਆਂ ਵਿੱਚ ਇਹ ਵੀ ਇੱਕ ਫੈਸ਼ਨ ਈ ਚੱਲ ਪਿਆ ਹੈ, ਪਟਕੇ ਉੱਤੇ ਟੋਪੀਆਂ ਪਾਣੀਆਂ।

ਬਾਪੂ ਜੀ :- ਮਨਮੁੱਖ ਲੋਕ, ਬੰਦਿਆਂ ਦੇ ਬੰਦੇ (ਗੁਲਾਮ) ਹਨ ਜਿਵੇਂ ਫਿਲਮਾਂ ਵਿੱਚ ਵੇਖਦੇ ਹਨ ਉਵੇਂ ਹੀ ਕਰਨ ਲੱਗ ਪੈਂਦੇ ਹਨ। ਮਨਮੁੱਖ ਬੰਦੇ ਲੋਕਾਂ ਨੂੰ ਚੰਗੇ ਲੱਗਣ ਵਾਸਤੇ ਕਿਹੜਾ ਫੈਸ਼ਨ ਨਹੀਂ ਕਰਦੇ ? ਕਈ ਸਾਲ ਪਹਿਲਾਂ ਬੀਬੀਆਂ ਵਿੱਚ ਵਾਲਾਂ ਦੇ ਪਫ ਦਾ ਰਿਵਾਜ ਚੱਲਿਆ ਸੀ। ਬੀਬੀਆਂ ਮੁਰਦੇ ਵਾਲਾਂ ਦੇ ਪਿੰਨੇ ਸਿਰ ਤੇ ਰੱਖੀ ਫਿਰਦੀਆਂ ਸਨ ਪਰ ਕੇਸਕੀ ਬੰਨ੍ਹਣ ਤੋਂ ਹਿਚਕਚਾਦੀਆਂ ਸਨ। ਅੱਜ ਕਲ ਗੁੱਤ ਉੱਤੇ ਲੀਰ ਜਿਹੀ ਬੰਨ੍ਹਣ ਦਾ ਫੈਸ਼ਨ ਚਲ ਪਿਆ ਹੈ। ਫੈਸ਼ਨ ਮਗਰ ਲੱਗ ਕੇ ਤਾਂ ਅਸੀਂ ਸਭ ਕੁੱਝ ਕਰਨ ਨੂੰ ਤਿਆਰ ਹੋ ਜਾਂਦੇ ਹਾਂ ਪਰ ਗੁਰੂ ਦਾ ਹੁਕਮ ਮੰਨਣ ਵਾਸਤੇ ਹਜ਼ਾਰਾਂ ਹੁੱਜਤਾਂ। ......ਬੀਬੀਆਂ ਨੂੰ ਮੋਢੇ ਨਾਲ ਪਰਸ ਲਟਕਾਉਣ ਵਿੱਚ ਤਾਂ ਕੋਈ ਮੁਸ਼ਕਲ ਨਹੀਂ ਜਦ ਕਿ ਪਰਸ ਦੀ ਸਾਂਭ ਸੰਭਾਲ ਦਾ ਵੀ ਬਹੁਤ ਖਿਆਲ ਰੱਖਣਾ ਪੈਂਦਾ ਹੈ ਤਾਂ ਜੋ ਕੋਈ ਚੋਰ ਉਚੱਕਾ ਖਿਸਕਾਅ ਕੇ ਹੀ ਨਾਂ ਲੈ ਜਾਏ ਪਰ ਕ੍ਰਿਪਾਨ ਪਾਉਣੀ ਔਖੀ ਲੱਗਦੀ ਹੈ ਜਿਸ ਦੇ ਧਾਰਨ ਨਾਲ ਸਾਡਾ ਮਨੋਬਲ ਉੱਚਾ ਹੁੰਦਾ ਹੈ ਅਤੇ ਮੁਸ਼ਟੰਡੇ ਕੋਈ ਭੈੜੀ ਹਰਕਤ ਕਰਨੋ ਭੈ ਖਾਂਦੇ ਹਨ।

ਕੁਲਜੀਤ ਸਿੰਘ:-ਲੋਕੀਂ ਸਿੱਖੀ ਰਹਿਤ ਤੋਂ ਕਿਉਂ ਡਰਦੇ ਆ?

ਬਾਪੂ ਜੀ :-ਅੰਮ੍ਰਿਤੁ ਕਉਰਾ ਬਿਖਿਆ ਮੀਠੀ।।
ਸਾਕਤ ਕੀ ਬਿਧਿ ਨੈਨਹੁ ਡੀਠੀ।। (੮੯੨)

ਰੱਬ ਨਾਲੋਂ ਟੁੱਟੇ ਸਾਕਤ ਲੋਕਾਂ ਨੂੰ ਅੰਮ੍ਰਿਤ ਕੌੜਾ ਲੱਗਦਾ ਹੈ। ਉਹ ਗੁਰ-ਦਰਸਾਈ ਰਹਿਤ ਰੱਖਣ ਤੋਂ ਝਿਜਕਦੇ ਹਨ, ਮਾਇਆ ਦੇ ਸੁਆਦਾਂ ਮਗਰ ਭੱਜੇ ਫਿਰਦੇ ਤਰ੍ਹਾਂ ਤਰ੍ਹਾਂ ਦੇ ਕਸ਼ਟ ਸਹਾਰਦੇ ਹਨ। ਗੁਰੂ ਦੀ ਖੁਸ਼ੀ ਨਾਲੋਂ ਉਹ ਮਨਮੁੱਖ ਬੰਦਿਆਂ ਦੀ ਖੁਸ਼ੀ ਦਾ ਵਧੇਰੇ ਖਿਆਲ ਰੱਖਦੇ ਹਨ। ਜਿਸ ਰਸਤੇ ਤੁਰਨ ਨਾਲ ਸਾਡਾ ਹਲਤ ਪਲਤ ਸਵਾਰਿਆ ਜਾਂਦਾ ਹੈ। ਉਸ ਵੱਲ ਤੇ ਅਸੀਂ ਮੂੰਹ ਨਹੀਂ ਕਰਦੇ ਪਰ ਨਿੱਤ ਨਵੇਂ ਕੰਡਿਆਲੇ ਰਾਹਾਂ ਵਿੱਚ ਟੱਪ ਟੱਪ ਫਸਦੇ ਹਾਂ।

ਗੁਰ ਦਰਸਾਈ ਪੰਜ ਕਕਾਰੀ ਰਹਿਤ ਸ਼ੁਰੂ ਤੋਂ ਓਹੀਓ ਹੈ। ਸਾਡੇ ਵੱਡੇ ਵਡੇਰੇ "ਸਿੱਖੀ ਕੇਸਾਂ ਸੁਆਸਾਂ ਸੰਗਿ ਨਿਭੇ" ਦੀ ਤਮੰਨਾ ਰੱਖਦੇ ਸਨ ਅਤੇ ਸਿਦਕੀ ਸਿੱਖਾਂ ਦੀ ਹੁਣ ਵੀ ਇਹੋ ਹੀ ਲੋਚਾ ਹੈ। ਗੁਰਸਿੱਖਾਂ ਨੇ 'ਗੁਰਸਿੱਖੀ ਰਹਿਤ ਰਹਿਣੀ' ਦੀ ਖਾਤਰ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਸੀਅ ਨਹੀਂ ਕੀਤੀ, ਗੁਰੂ ਤੇ ਟੇਕ ਰੱਖੀ, ਗੁਰੂ ਤੋਂ ਮੁੱਖ ਨਹੀਂ ਮੋੜਿਆ ਪਰ ਅੱਜਕਲ ਅਸੀਂ 'ਗੁਰਮਤਿ ਰਹਿਤ' ਨੂੰ ਤਿਲਾਂਜਲੀ ਦੇ ਕੇ ਫੈਸ਼ਨਾਂ ਵਿੱਚ ਫਸ ਗਏ ਹਾਂ, ਨਿੱਤ ਨਵੇਂ ਫੈਸ਼ਨ, ਪੁਰਾਣੇ ਫੈਸ਼ਨ ਦੇ ਕੱਪੜੇ ਕੌਡੀਆਂ ਦੇ ਮੁੱਲ ਵੇਚ ਕੇ ਨਵੇਂ ਫੈਸ਼ਨ ਨੂੰ ਅਪਨਾਉਣ ਲਈ ਅੱਡੀਆਂ ਚੁੱਕ ਕੇ ਫਾਹਾ ਲੈਂਦੇ ਹਾਂ ਭਾਵੇਂ ਉਧਾਰ ਹੀ ਕਿਉਂ ਨਾ ਲੈਣਾ ਪਵੇ। ਫ਼ੈਸ਼ਨ ਜਾਂ ਰਿਵਾਜ ਧਰਮ ਨਹੀਂ, ਮਾਇਆ-ਧਾਰੀ ਦੁਨੀਆਂ ਹੈ, ਰਿਵਾਜ ਜਾਂ ਫ਼ੈਸ਼ਨ ਦੇ ਪਿੱਛੇ ਚੱਲਣ ਵਾਲੇ 'ਗੁਰਮੁਖ' ਨਹੀਂ ਬਣਦੇ, ਚੁਰਾਸੀ ਦੇ ਗੇੜ ਵਿੱਚ ਹੀ ਜੰਮਦੇ ਤੇ ਮਰਦੇ ਰਹਿੰਦੇ ਹਨ, ਅਸੀਂ ਗੁਰ-ਦਰਸਾਈ ਰਹਿਤ ਅੰਦਰ ਰਹਿੰਦੇ ਹੋਏ ਸਚਿਆਰ ਸਿੱਖ ਬਣਨਾ ਹੈ ਅਤੇ ਲੋਕ ਸੁਖੀਏ ਤੇ ਪ੍ਰਲੋਕ ਸੁਹੇਲੇ ਹੋਣਾ ਹੈ।

ਕੁਲਜੀਤ ਸਿੰਘ :- ਬਾਪੂ ਜੀ ! ਰਹਿਤਾਂ ਕੁਰਹਿਤਾਂ ਤਾਂ ਦਸਮ ਪਾਤਸ਼ਾਹ ਨੇ ਹੀ ਬਣਾਈਆਂ ਹਨ, ਕੀ ਉਨ੍ਹਾਂ ਤੋਂ ਪਹਿਲਾਂ ਸਾਰੇ ਸਿੱਖ ਕੁਰਹਿਤੀਏ ਹੀ ਸਨ ?

ਬਾਪੂ ਜੀ :- ਇਹ ਸਾਡੇ ਸਮਝਣ ਵਿੱਚ ਹੀ ਫਰਕ ਹੈ। ਗੁਰੂ ਦੀ ਬਾਣੀ ਸਿੱਖਾਂ ਵਾਸਤੇ ਰਹਿਤਨਾਮਾ ਹੀ ਹੈ। "ਸਾਬਤ ਸੂਰਤਿ ਦਸਤਾਰ ਸਿਰਾ" ਦਾ ਆਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਲਿਖਿਆ ਹੋਇਆ ਹੈ, "ਗੁਰ ਸਤਿਗੁਰ ਕਾ ਜੋ ਸਿਖੁ ਅਖਾਏ" ਵਾਲੇ ਸ਼ਬਦ ਵਿੱਚ ਗੁਰਸਿੱਖ ਦੀ 'ਨਿੱਤ-ਕਰਨੀ' ਹੀ ਦੱਸੀ ਹੋਈ ਹੈ, ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨੇ ਨੂੰ 'ਕੇਸ ਨਾ ਕੱਟਣ' ਦਾ ਫੁਰਮਾਨ ਕੀਤਾ ਸੀ ਅਤੇ ਸੱਤਵੇਂ ਪਾਤਸ਼ਾਹ ਗੁਰੂ ਹਰਿਰਾਏ ਸਾਹਿਬ ਨੇ ਹੀ ਦਰਸ਼ਨਾਂ ਨੂੰ ਆਏ ਧਰਮੀ ਹਕੀਕਤ ਰਾਏ (ਸ਼ਹੀਦ) ਦੇ ਦਾਦਾ ਭਾਈ ਨੰਦ ਲਾਲ ਪੁਰੀ ਨੂੰ ਹੇਠ ਲਿਖਿਆ ਉਪਦੇਸ਼ ਦਿੱਤਾ ਸੀ:-1. ਕੇਸ ਨਹੀਂ ਕਟਵਾਉਣੇ। 2. ਤੰਬਾਕੂ ਨਹੀਂ ਪੀਣਾ। 3. ਟੋਪੀ ਨਹੀਂ ਪਹਿਨਣੀ।

ਅੰਮ੍ਰਿਤਪਾਲ :- ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਕੀ ਉਪਦੇਸ਼ ਦਿੱਤਾ ਸੀ ?



www.AKJ.Org

ਬਾਪੂ ਜੀ :- ਗੁਰੂ ਗੋਬਿੰਦ ਸਿੰਘ ਜੀ ਨੇ ..੦ ਸੰਮਤ ੧੭੫੬ ਨੂੰ ਇੱਕ ਹੁਕਮਨਾਮਾ ਕਾਬਲ ਦੀ ਸੰਗਤ ਨੂੰ ਭੇਜਿਆ ਸੀ ਜਿਸ ਵਿੱਚ ਇਹ ਗੱਲਾਂ ਲਿਖੀਆਂ ਹੋਈਆਂ ਸਨ :-

1. ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ ਹੈ।
2. ਕੇਸ ਰੱਖਣੇ, ਇਹ ਸਾਡੀ ਮੋਹਰ ਹੈ।
3. ਕਛ, ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ।
4. ਸਰਬ ਲੋਹ ਦਾ ਕੜਾ ਹੱਥ ਰੱਖਣਾ।
5. ਦੋਨੋਂ ਵਕਤ ਕੇਸਾਂ ਦੀ ਪਾਲਣਾ ਕਰਨੀ।
6. ਸਰਬ ਸੰਗਤ ਅਭਾਖਿਆ ਦਾ ਕੁੱਠਾ ਖਾਵੇ ਨਾਹੀ।
7. ਤੰਮਾਕੂ ਨਾ ਵਰਤਣਾ।
8. ਭਾਦਨੀ ਤਥਾ ਕੰਨਿਆ ਮਾਰਨ ਵਾਲੇ ਸੇ ਮਿਲਾਪ ਨ ਰੱਖੇ।
9. ਗੁਰਬਾਣੀ ਪੜ੍ਹਨੀ, ਵਾਹਿਗੁਰੂ ਵਾਹਿਗੁਰੂ ਜਪਨਾ।
10. ਗੁਰੂ ਕੀ ਰਹਿਤ ਰੱਖਣੀ।

ਪ੍ਰਭਜੋਤ :- ਇਨ੍ਹਾਂ ਨੂੰ ਜ਼ਰਾ ਖੋਲ ਕੇ ਦੱਸਣਾ।

ਬਾਪੂ ਜੀ :- ਗੱਲਾਂ ਤੇ ਸਾਰੀਆਂ ਸਿੱਧੀਆਂ ਹੀ ਹਨ। ਕੇਸਾਂ ਵਾਰੇ ਗੁਰੂ ਸਾਹਿਬ ਦਾ ਕਹਿਣਾ ਹੈ ਕਿ ਇਨ੍ਹਾਂ ਨੂੰ 'ਗੁਰੂ ਕੀ ਮੋਹਰ' ਸਮਝਦੇ ਹੋਏ ਜਨਮ ਤੋਂ ਹੀ ਜਿਉਂ ਦੇ ਤਿਉਂ ਰੱਖਣਾ। ਦੋਨੋਂ ਵਕਤ ਕੇਸਾਂ ਦੀ ਪਾਲਣਾ ਕਰਨ ਦਾ ਭਾਵ ਹੈ ਕਿ ਸਵੇਰ ਸ਼ਾਮ ਕੇਸਾਂ ਨੂੰ ਕੰਘਾ ਕਰਨਾ ਅਰਥਾਤ ਕੰਘੇ ਨਾਲ ਸਾਫ਼ ਰੱਖਣਾ।

ਭਾਦਨੀ ਦਾ ਮਤਲਬ ਹੈ ਸਿਰ ਮੂੰਹ ਮਨਾਉਣ ਵਾਲਾ। ਗੁਰੂ ਜੀ ਕੇਸ ਦਾਹੜੀ ਮੁੰਨਣ ਜਾਂ ਕਤਰਨ ਵਾਲੇ ਨੂੰ ਚੰਗਾ ਨਹੀਂ ਸਮਝਦੇ ਜਿਸ ਕਰ ਕੇ ਉਹ ਇਨ੍ਹਾਂ ਨਾਲ ਗੂੜ੍ਹੇ ਮੇਲ ਮਿਲਾਪ ਦੀ ਮਨਾਹੀ ਕਰਦੇ ਹਨ।

ਕੁਲਜੀਤ ਸਿੰਘ :- ਬਾਪੂ ਜੀ ! ਇੱਕ ਸਿੰਘ ਕਹਿੰਦਾ ਸੀ ਕਿ ਨੜੀਮਾਰ, ਕੁੜੀਮਾਰ ਤੇ ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ। ਇਸ ਦਾ ਕੀ ਮਤਲਬ ਹੈ ?

ਬਾਪੂ ਜੀ :- ਤਨਖਾਹੀਆ ਦਾ ਅਰਥ ਹੈ ਗੁਨਾਹਗਾਰ (ਕਸੂਰਵਾਰ)। ਹੁੱਕਾ ਪੀਣ ਵਾਲੇ ਨੂੰ ਨੜੀਮਾਰ ਕਿਹਾ ਜਾਂਦਾ ਹੈ। ਕੁੜੀ ਜੰਮਣ ਤੇ ਉਸ ਨੂੰ ਜਾਨੋ ਮਾਰ ਦੇਣ ਵਾਲਾ ਕੁੜੀਮਾਰ ਕਹਾਉਂਦਾ ਹੈ। ਕੇਸ ਕੱਟੇ ਮੋਨੇ ਬੰਦੇ ਨੂੰ 'ਸਿਰਗੁੰਮ' ਕਿਹਾ ਜਾਂਦਾ ਹੈ। ਵਰਤਣ ਦਾ ਭਾਵ ਹੈ ਰੋਟੀ ਬੇਟੀ ਦੀ ਸਾਂਝ।

ਕੁਲਜੀਤ ਸਿੰਘ :- ਰੋਟੀ ਬੇਟੀ ਦੀ ਸਾਂਝ ਦਾ ਕੀ ਮਤਲਬ ਹੈ

ਬਾਪੂ ਜੀ :- ਰੋਟੀ ਬੇਟੀ ਦੀ ਸਾਂਝ ਦਾ ਭਾਵ ਹੈ ਕਿ ਅਜੇਹੇ ਬੰਦਿਆਂ ਦੇ ਘਰ ਆਪਣੇ ਪੁੱਤਰ ਧੀ ਦਾ ਰਿਸ਼ਤਾ ਨਹੀਂ ਕਰਨਾ ਅਤੇ ਨਾ ਹੀ ਉਨ੍ਹਾ ਦੇ ਘਰ ਪ੍ਰਸ਼ਾਦਾ ਛਕਣਾ।

ਕੁਲਜੀਤ ਸਿੰਘ :- ਕੀ ਇਨ੍ਹਾਂ ਤੋਂ ਛੁੱਟ ਸਿੱਖਾਂ ਨੂੰ ਕਿਸੇ ਹੋਰ ਨਾਲ ਵੀ ਵਰਤਣ ਦੀ ਮਨਾਹੀ ਹੈ ?

ਬਾਪੂ ਜੀ :- ਹਾਂ ! ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਵਰਤਣ ਵਾਲਾ ਤਨਖਾਹੀਆਂ ਹੋ ਜਾਂਦਾ ਹੈ। ਉਸ ਨੂੰ ਵੀ ਪੰਥ ਨਾਲ ਮਿਲ-ਵਰਤਣ ਲਈ ਗੁਰੂ ਦਰਬਾਰ ਪੰਜਾਂ ਪਿਆਰਿਆਂ ਅੱਗੇ ਪੇਸ਼ ਹੋ ਕੇ ਆਪਣੀ ਭੁੱਲ ਬਖਸ਼ਾਉਣੀ ਪੈਂਦੀ ਹੈ ਅਤੇ ਦੰਡ ਭਰਨਾ ਪੈਂਦਾ ਹੈ।

ਕੁਲਜੀਤ ਸਿੰਘ :- ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ ਕੌਣ ਹਨ ?

ਬਾਪੂ ਜੀ :- ਮੀਣਾ ਅਥਵਾ ਮੀਸਣਾ ਉਸ ਨੂੰ ਕਹਿੰਦੇ ਹਨ ਜਿਹੜਾ ਆਪਣੇ ਮਨ ਦੇ ਕਪਟ (ਛਲ) ਨੂੰ ਪ੍ਰਗਟ ਨਾ ਹੋਣ ਦੇਵੇ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀਚੰਦ ਕਪਟੀ ਸੀ, ਉਹ ਗੁਰੂ ਸਾਹਿਬ ਨਾਲ ਧ੍ਰੋਹ ਕਮਾਉਂਦਾ ਸੀ, ਭਾਈ ਗੁਰਦਾਸ ਜੀ ਨੇ ਲਿਖਿਆ ਹੈ-

ਸਤਿਗੁਰ ਸਚਾ ਪਾਤਸ਼ਾਹੁ, ਮੁਹੁ ਕਾਲੇ ਮੀਣਾ॥(ਵਾਰ ੩੬/੧)
ਅਤੇ ਮੀਣਾ ਹੋਆ ਪਿਰਥੀਆ, ਕਰਿ ਕਰਿ ਤੋਢਕ ਬਰਲੁ ਚਲਾਯਾ। (ਵਾਰ ੨੬ ੧)

ਭਾਈ ਸਾਹਿਬ ਕਹਿੰਦੇ ਹਨ ਕਿ ਪ੍ਰਿਥੀ ਚੰਦ/ਮੀਸਣਾ (ਮੀਣਾ) ਬਣ ਕੇ ਗੁਰੂ ਸਾਹਿਬ ਨਾਲ ਛਲ ਕਰਦਾ ਸੀ, ਗੁਰੂ ਅਰਜਨ ਦੇਵ ਜੀ ਤੇ ਝੂਠੀਆਂ ਤੋਹਮਤਾਂ (ਤੋਢਕ) ਲਗਾਉਂਦਾ ਸੀ ਅਤੇ ਬਕਵਾਸ ਅਥਵਾ ਪਾਗਲਪੁਣੇ (ਬਰਲ) ਦੀਆਂ ਗੱਲਾਂ ਕਰਦਾ ਸੀ।

ਮਸ਼ਨਦ (ਗੱਦੀ) ਨਾਲ ਸੰਬੰਧ ਰੱਖਣ ਵਾਲੇ ਨੂੰ ਮਸੰਦ ਕਿਹਾ ਜਾਂਦਾ ਹੈ। ਸਿੱਖ ਧਰਮ ਅੰਦਰ ਉਹ ਮੁਖੀ ਬੰਦੇ ਜਿਹੜੇ ਸਿੱਖੀ ਦਾ ਪ੍ਰਚਾਰ ਕਰਦੇ ਸਨ ਅਤੇ ਸਿੱਖਾਂ ਕੋਲੋਂ ਦਸਵੰਧ ਤੇ ਕਾਰ ਭੇਟਾ ਉਗਰਾਹ ਕੇ ਗੁਰੂ ਦਰਬਾਰ ਪਹੁੰਚਾਉਂਦੇ ਸਨ, ਮਸੰਦ ਕਹਾਉਂਦੇ ਸਨ। ਚੌਥੇ ਪਾਤਸ਼ਾਹ ਦੇ ਸਮੇਂ ਤੋਂ ਲੈ ਕੇ ਸੰਮਤ ੧੭੫੫ ਤੱਕ ਇਹ ਸਿਲਸਿਲਾ ਜਾਰੀ ਰਿਹਾ। ਦਸਮੇਸ਼ ਪਿਤਾ ਨੇ ਮਸੰਦਾਂ ਦੀਆਂ ਭੈੜੀਆਂ ਕਰਤੂਤਾਂ ਦੇਖ ਕੇ ਮਸੰਦਪੁਣਾ ਖਤਮ ਕਰ ਦਿੱਤਾ ਅਤੇ ਸਿੱਖਾਂ ਨੂੰ ਮਸੰਦਾਂ ਨਾਲ ਵਰਤਣ ਦੀ ਮਨਾਹੀ ਕਰ ਦਿੱਤੀ।

ਬਾਬਾ ਗੁਰਦਿੱਤਾ ਜੀ ਦੇ ਪੁੱਤਰ ਧੀਰਮੱਲ ਦੀ ਔਲਾਦ ਨੂੰ ਧੀਰਮੱਲੀਏ ਕਿਹਾ ਜਾਂਦਾ ਹੈ। ਧੀਰਮੱਲ ਨੇ ਕਰਤਾਰਪੁਰ (ਜਲੰਧਰ) ਵਿਖੇ ਗੁਰੂ ਘਰ ਤੋਂ ਬੇਮੁੱਖ ਹੋ ਕੇ ਆਪਣੀ ਸਿੱਖੀ ਸੇਵਕੀ ਸ਼ੁਰੂ ਕਰ ਲਈ ਜਿਸ ਕਰਕੇ ਸਿੱਖਾਂ ਨੂੰ ਇਨ੍ਹਾਂ ਨਾਲ ਮਿਲ-ਵਰਤਣ ਦੀ ਮਨਾਹੀ ਕੀਤੀ ਗਈ। ਬਾਬਾ ਵਡਭਾਗ ਸਿੰਘ ਜਿਸ ਦਾ ਡੇਰਾ ਹਿਮਾਚਲ ਪ੍ਰਦੇਸ਼ ਵਿੱਚ ਹੈ, ਧੀਰ ਮੱਲ ਦੇ ਖਾਨਦਾਨ ਵਿੱਚੋਂ ਹੀ ਹੈ।

ਬਾਬਾ ਰਾਮ ਰਾਏ ਦੇ ਸੇਵਕ ਨੂੰ ਰਾਮਰਾਈਆ ਕਿਹਾ ਜਾਂਦਾ ਹੈ।

ਪ੍ਰਭਜੋਤ :-ਬਾਬਾ ਰਾਮ ਰਾਏ ਕੌਣ ਸੀ ?

ਬਾਪੂ ਜੀ :-ਬਾਬਾ ਰਾਮ ਰਾਏ ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਦਾ ਲੜਕਾ ਸੀ।

ਪ੍ਰਭਜੋਤ :-ਕੀ ਉਸ ਨੇ ਵੀ ਗੁਰੂ ਘਰ ਨਾਲ ਛਲ ਕੀਤਾ ?

ਬਾਪੂ ਜੀ :-ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਨੂੰ ਸਿੱਖ ਧਰਮ ਦੀ ਜਾਣਕਾਰੀ ਲੈਣ ਲਈ ਦਿੱਲੀ ਆਉਣ ਵਾਸਤੇ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਆਪਣੀ ਥਾਂ ਬਾਬਾ ਰਾਮ ਰਾਏ ਨੂੰ ਭੇਜ ਦਿੱਤਾ। ਇੱਕ ਦਿਨ ਬਾਦਸ਼ਾਹ ਨੇ ਪੁੱਛਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਮਿਟੀ ਮੁਸਲਮਾਨ ਕੀ" ਵਾਲੇ ਸਲੋਕ ਵਿੱਚ ਇਸਲਾਮ ਦੀ ਹਤਕ ਕਿਉਂ ਕੀਤੀ ?


www.AKJ.Org

ਬਾਦਸ਼ਾਹ ਨੂੰ ਖੁਸ਼ ਕਰਨ ਲਈ ਬਾਬਾ ਰਾਮ ਰਾਏ ਨੇ ਉਤਰ ਦਿੱਤਾ ਕਿ ਪਾਠ "ਮਿਟੀ ਬੇਈਮਾਨ ਕੀ" ਹੈ, ਮੁਸਲਮਾਨ ਕੀ ਨਹੀਂ। ਇਸ ਨਾਲ ਬਾਦਸ਼ਾਹ ਦੀ ਤਾਂ ਤਸੱਲੀ ਹੋ ਗਈ ਪਰ ਜਦੋਂ ਇਸ ਗੱਲ ਦਾ ਗੁਰੂ ਸਾਹਿਬ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਰਾਮ ਰਾਏ ਨੇ ਬਾਦਸ਼ਾਹ ਦੀ ਖੁਸ਼ਾਮਦ ਕਰਨ ਲਈ ਗੁਰੂ ਨਾਨਕ ਦੇਵ ਜੀ ਦਾ ਵਾਕ ਬਦਲਿਆ ਹੈ, ਇਸ ਲਈ ਸਾਡੇ ਮੱਥੇ ਨਾ ਲੱਗੇ। ਬਾਬਾ ਰਾਮ ਰਾਏ ਔਰੰਗਜ਼ੇਬ ਤੋਂ ਜਗੀਰ ਪ੍ਰਾਪਤ ਕਰ ਕੇ ਦੂਣ ਦੇ ਇਲਾਕੇ ਵਿੱਚ ਜਾ ਵਸਿਆ, ਜਿਥੇ ਸੰਮਤ ੧੭੪੪ ਵਿਚ ਉਸ ਦਾ ਦੇਹਾਂਤ ਹੋ ਗਿਆ। ਰਾਮ ਰਾਏ ਦੇ ਸੇਵਕਾਂ ਨੇ ਉਥੇ ਉਸ ਦਾ ਦੇਹਰਾ ਬਣਾ ਦਿੱਤਾ ਅਤੇ ਉਸ ਇਲਾਕੇ ਦਾ ਨਾਂ ਦੇਹਰਾ-ਦੂਨ ਪੈ ਗਿਆ ਜੋ ਅੱਜ-ਕੱਲ ਯੂ.ਪੀ ਦਾ ਮੰਨਿਆ ਪ੍ਰਮੰਨਿਆ ਪਹਾੜੀ ਸ਼ਹਿਰ ਹੈ।

**ਕੁਲਜੀਤ ਸਿੰਘ** :–ਬਾਪੂ ਜੀ ! ਹੋਲੇ ਮਹੱਲੇ ਤੇ ਵਡਭਾਗ ਸਿੰਘ ਦੇ ਡੇਰੇ ਤੇ ਬਹੁਤ ਲੋਕ ਜਾਂਦੇ ਆ। ਜੇ ਸਿੱਖਾਂ ਨੂੰ ਧੀਰਮੱਲਆਂ ਨਾਲ ਮਿਲ-ਵਰਤਣ ਦੀ ਮਨਾਹੀ ਹੈ ਤਾਂ ਉਹ ਉਥੇ ਕਿਉਂ ਜਾਂਦੇ ਆ ?

**ਬਾਪੂ ਜੀ** :–ਇਹ ਨਿਰੀ ਗੁਰੂ ਤੋਂ ਬੇਮੁੱਖ ਹੋਣ ਦੀ ਹੀ ਗੱਲ ਹੈ। ਜਿਹੜੇ ਸਿੱਖ ਗੁਰੂ ਹੁਕਮਾਂ ਦੀ ਪ੍ਰਵਾਹ ਨਹੀਂ ਕਰਦੇ ਉਹ ਛੁੱਟੜ ਰੰਨ ਵਾਂਗ ਕਦੇ ਕਿਸੇ ਡੇਰੇ ਅਤੇ ਕਦੇ ਦਰ ਨੱਠੇ ਫਿਰਦੇ ਹਨ। ਅਜੇਹੇ ਲੋਕਾਂ ਨੂੰ ਆਪਣੇ ਗੁਰੂ ਤੇ ਭਰੋਸਾ ਨਹੀਂ, ਕਪਟੀ ਬੰਦਿਆਂ ਦੇ ਮਗਰ ਲੱਗ ਕੇ ਥਾਂ-ਥਾਂ ਖੱਜਲ ਖੁਆਰ ਹੁੰਦੇ ਫਿਰਦੇ ਹਨ। ਆਸਾ ਦੀ ਵਾਰ ਵਿੱਚ ਲਿਖਿਆ ਹੋਇਆ ਹੈ

"ਖਸਮੁ ਛੋਡਿ ਦੂਜੈ ਲਗੇ, ਡੁਬੇ ਸੇ ਵਣਜਾਰਿਆ।।"

**ਪ੍ਰਭਜੋਤ ਸਿੰਘ** :–ਇਹ ਦਾ ਕੀ ਮਤਲਬ ਹੈ ?

**ਬਾਪੂ ਜੀ** :–ਜਿਹੜੀਆਂ ਜੀਵ ਰੂਪੀ ਇਸਤੀਆਂ ਆਪਣੇ ਖਸਮ ਪ੍ਰਭੂ ਨੂੰ ਛੱਡ ਕੇ ਕਿਸੇ ਹੋਰ ਦੇ ਮਗਰ ਲੱਗਦੀਆਂ ਹਨ ਉਹ ਜੀਵ ਰੂਪ ਵਪਾਰਨਾ ਸਣੇ ਪੂੰਜੀ ਸੰਸਾਰ ਸਮੁੰਦਰ ਵਿੱਚ ਡੁਬ ਗਈਆਂ ਹਨ।

**ਅੰਮ੍ਰਿਤਪਾਲ ਸਿੰਘ** :–ਬਾਪੂ ਜੀ ! ਇੱਕ ਬਾਬਾ ਜੀ ਕਹਿੰਦੇ ਸੀ ਮੁੰਡਿਆਂ ਨੂੰ ਪੱਟਕੇ ਰੋਗ ਨੇ ਕੁਰਾਹੇ ਪਾ ਦਿੱਤਾ। ਪਟਕਾ ਰੋਗ ਕੀ ਹੁੰਦਾ ਆ ?

**ਬਾਪੂ ਜੀ** :–ਦਸਤਾਰ ਦੀ ਥਾਂ ਪਟਕਾ ਬੰਨ੍ਹਣਾ 'ਪਟਕਾ ਰੋਗ' ਹੈ। ਦਿਨੋ ਦਿਨ ਦਾੜ੍ਹੀ ਵਾਲੇ ਮੁੰਡਿਆਂ ਵਿਚ ਪਟਕਾ ਬੰਨ ਕੇ ਬਾਹਰ ਅੰਦਰ ਫਿਰਨ ਤੁਰਨ ਦੀ ਬੀਮਾਰੀ ਜੋਰ ਫੜਦੀ ਜਾ ਰਹੀ ਹੈ।

**ਕੁਲਜੀਤ ਸਿੰਘ** :– ਕੀ ਇਹ ਬੀਮਾਰੀ ਹੈ ?

**ਬਾਪੂ ਜੀ** :– ਹਾਂ ! ਇਹ ਛੂਤ ਦੀ ਬੀਮਾਰੀ ਹੈ। ਇਕ ਕੋਲੋਂ ਦੂਜੇ ਨੂੰ, ਦੂਜੇ ਕੋਲੋਂ ਤੀਜੇ ਨੂੰ ਲਗਦੀ, ਫੈਲਦੀ ਹੀ ਜਾ ਰਹੀ ਹੈ।

**ਕੁਲਜੀਤ ਸਿੰਘ** :– ਇਸ ਦਾ ਇਲਾਜ ਕੀ ਹੈ ?

**ਬਾਪੂ ਜੀ** :– ਇਸ ਦਾ ਇਲਾਜ ਹੈ ਗੁਰੂ ਦੀ ਸ਼ਰਨ ਆਉਣਾ, ਵੇਦ ਗੁਰੂ ਦੇ ਤਾਲ (ਸਰੋਵਰ) ਵਿਚ ਇਸ਼ਨਾਨ ਕਰਨਾ।

**ਪ੍ਰਭਜੋਤ** :–ਕੀ ਇਸ਼ਨਾਨ ਕਰਨ ਨਾਲ ਬੀਮਾਰੀ ਦੂਰ ਹੋ ਜਾਂਦੀ ਆ ?

**ਬਾਪੂ ਜੀ** :– ਹਾਂ।

**ਪ੍ਰਭਜੋਤ** :– ਉਹ ਕਿਵੇਂ ?

**ਬਾਪੂ ਜੀ** :– ਬੀਮਾਰੀ ਗੰਦਗੀ ਕਾਰਨ ਹੀ ਫੈਲਦੀ ਹੈ। ਜੇ ਸਫਾਈ ਰੱਖੋਗੇ ਤਾਂ ਬੀਮਾਰੀ ਦੇ ਕੀਟਾਣੂ ਪੈਦਾ ਨਹੀਂ ਹੋਣਗੇ। ਪਾਣੀ ਦੇ ਇਸ਼ਨਾਨ ਨਾਲ ਸਾਡਾ ਸਰੀਰ ਸਾਫ ਸੁਥਰਾ ਰਹੇਗਾ ਅਤੇ ਨਾਮ ਬਾਣੀ ਨਾਲ ਸਾਡੇ ਮਨ ਤੇ ਪਈ ਵਿਸ਼ੇ ਵਿਕਾਰਾਂ ਦੀ ਮੈਲ ਧੋਤੀ ਜਾਏਗੀ। ਜਦੋਂ ਅਸੀਂ ਅੰਮ੍ਰਿਤਸਰ ਹਰਿਮੰਦਰ ਸਾਹਿਬ ਜਾਂਦੇ ਹਾਂ ਤਾਂ ਪਹਿਲਾਂ ਅਸੀਂ ਸਰੋਵਰ ਵਿੱਚ ਇਸ਼ਨਾਨ ਕਰਦੇ ਹਾਂ ਫਿਰ ਹਰਿਮੰਦਰ ਸਾਹਿਬ ਅੰਦਰ ਗੁਰ-ਸੰਗਤਿ ਵਿੱਚ ਬੈਠ ਕੇ ਨਾਮ ਦੀ ਦਾਤੀ ਅੰਮ੍ਰਿਤ-ਮਈ ਬਾਣੀ ਦਾ ਕੀਰਤਨ ਸੁਣਦੇ ਹਾਂ। ਗੁਰੂ ਦਰਬਾਰ ਸਾਡਾ ਤਨ ਤੇ ਮਨ ਧੋਤਾ ਜਾਂਦਾ ਹੈ, ਸਾਡੇ ਸਰੀਰਕ ਤੇ ਮਾਨਸਿਕ ਰੋਗ ਦੂਰ ਹੋ ਜਾਂਦੇ ਹਨ। ਸਤਿਗੁਰੂ ਜੀ ਦਾ ਫੁਰਮਾਨ ਵੀ ਇਉਂ ਹੀ ਹੈ -

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ,
ਮਨ ਤਨ ਭਏ ਅਰੋਗਾ।। (ਪੰਨਾ ੬੧੧)

**ਕੁਲਜੀਤ ਸਿੰਘ** :– ਕੀ ਸਰੋਵਰ ਵਿੱਚ ਇਸ਼ਨਾਨ ਕਰਨ ਅਤੇ ਗੁਰ-ਸੰਗਤਿ ਵਿੱਚ ਬਹਿ ਕੇ ਕੀਰਤਨ ਸੁਣਨ ਨਾਲ 'ਪਟਕਾ ਰੋਗ' ਦੂਰ ਹੋ ਜਾਏਗਾ ?

**ਬਾਪੂ ਜੀ** :– ਹਾਂ।

**ਕੁਲਜੀਤ ਸਿੰਘ** :– ਕਿਵੇਂ ?

**ਬਾਪੂ ਜੀ** :– ਤਨ ਦੇ ਇਸ਼ਨਾਨ ਨਾਲ ਸਾਡੀ ਸੁਸਤੀ ਦੂਰ ਹੋ ਜਾਏਗੀ ਅਤੇ ਮਨ ਦੇ ਇਸ਼ਨਾਨ ਨਾਲ ਸਾਡੀ ਬੁੱਧ (ਅਕਲ) ਪ੍ਰਬਲ (ਉੱਚੀ) ਹੋ ਜਾਵੇਗੀ। ਗੁਰ-ਸੰਗਤਿ ਵਿੱਚ ਬੈਠ ਕੇ ਗੁਰਬਾਣੀ ਦੇ ਕੀਰਤਨ ਦੁਆਰਾ ਸਾਨੂੰ ਗੁਰ-ਉਪਦੇਸ਼ ਦੀ ਸੋਝੀ ਆਵੇਗੀ, ਅਸੀਂ ਬਿਬੇਕ ਬੁੱਧ ਵਾਲੇ ਹੋ ਜਾਵਾਂਗੇ, ਸਾਨੂੰ ਚੰਗੇ ਮਾੜੇ, ਠੀਕ ਤੇ ਗਲਤ ਰਾਹ ਦਾ ਪਤਾ ਲੱਗਣ ਲੱਗ ਪਵੇਗਾ। ਅਸੀਂ ਫਿਰ ਕੰਡਿਆਂ ਵਾਲਾ ਰਾਹ ਛੱਡ ਕੇ, ਸਾਫ਼ - ਸੁਥਰੇ, ਸਿੱਧੇ-ਪੱਧਰੇ ਰਾਹ ਤੇ ਤੁਰਨ ਲੱਗ ਪਵਾਂਗੇ, ਕੁਮੱਤ ਛੱਡ ਕੇ ਗੁਰੂ ਦੀ ਮੱਤ (ਗੁਰਮਤਿ) ਗ੍ਰਹਿਣ ਕਰਨ ਲੱਗ ਪਵਾਂਗੇ। ਜਦੋਂ ਸਾਨੂੰ ਇਹ ਸੋਝੀ ਆ ਜਾਵੇਗੀ ਕਿ ਗੁਰੂ ਦਾ ਹੁਕਮ ਸਵੇਰ ਸ਼ਾਮ ਦੋ ਵੇਲੇ ਕੇਸ ਕੰਘਾ ਕਰਨ ਅਤੇ ਚੁਣ ਚੁਣ ਕੇ ਪੱਗ ਬੰਨ੍ਹਣ ਦਾ ਹੈ ਤਾਂ ਅਸੀਂ ਦਸਤਾਰ ਬੰਨ੍ਹਣ ਲੱਗ ਪਵਾਂਗੇ ਅਤੇ ਸਾਡਾ ਪਟਕਾ ਰੋਗ ਦੂਰ ਹੋ ਜਾਵੇਗਾ।

**ਕੁਲਜੀਤ ਸਿੰਘ** :– ਵਾਹ ਬਾਪੂ ਜੀ ਵਾਹ !

**ਬਾਪੂ ਜੀ** :– ਅੱਛਾ ਬੱਚੂ ! ਹੁਣ ਤੁਸੀਂ ਜਾਓ, ਸਮਾਂ ਬਹੁਤ ਹੋ ਗਿਆ ਹੈ। (ਬੱਚੇ ਫਤਹ ਬੁਲਾ ਕੇ ਹੇਠਲੀ ਤੁਕ ਗਾਉਂਦੇ ਹੋਏ ਪੌੜੀਆਂ ਉਤਰ ਗਏ -

"ਕੰਘਾ ਦੋਨੋ ਵਕਤ ਕਰ, ਪਾਗ ਚੁਨੈ ਕਰ ਬਾਂਧਈ।।"



www.AKJ.Org

## ਬੱਚਿਆਂ ਲਈ ਸਵਾਲ

1. "ਸੱਚ ਮੁੱਚ ਮੈਂ ਬਹੁਤ ਬੁਰਾ ਕੀਤਾ ਜੋ ਮੈਂ ਆਪਣੇ ਖਾਨਦਾਨ ਦੀ ਪੁਸ਼ਤ-ਬ-ਪੁਸ਼ਤ ਚਲੀ ਆ ਰਹੀ ਕੇਸ ਰੱਖਣ ਦੀ ਰਿਵਾਇਤ ਦੇ ਉਲਟ ਗੁਰੂ ਕੀ ਮੋਹਰ ਦੀ ਬੇਅਦਬੀ ਕੀਤੀ।" ਲਾਹੌਰ ਸੈਂਟਰਲ ਜੇਲ੍ਹ ਵਿੱਚ ਇਹ ਸ਼ਬਦ ਭਾਈ ਸਾਹਿਬ ਰਣਧੀਰ ਸਿੰਘ ਨੂੰ ਕਿਸ ਨੇ ਕਹੇ ਅਤੇ ਉਸ ਨੇ ਕੀ ਪ੍ਰਤੱਗਿਆ ਕੀਤੀ ?

2. ਕੀ ਅਰਦਾਸ ਵਿੱਚ "ਗੁਰੂ ਤੇਗ ਬਹਾਦਰ ਸਿਮਰਿਐ" ਬੋਲਣਾ ਚਾਹੀਦਾ ਹੈ ਜਾਂ "ਤੇਗ ਬਹਾਦਰ ਸਿਮਰਿਐ" ? ਕਿਉਂ ?

3. "ਸੂਆ ਪੜਾਵਤ ਗਨਿਕਾ ਤਰੀ।।" ਇਸ ਤੁਕ ਵਿੱਚ "ਸੂਆ" ਦੇ ਕੀ ਅਰਥ ਹਨ ? ਕੋਈ ਦੋ ਵਾਕ ਲਿਖੋ ਜਿਨ੍ਹਾਂ ਵਿੱਚ 'ਸੂਆ' ਦੇ ਅਰਥ ਹੋਰ (ਵੱਖਰੇ) ਨਿਕਲਦੇ ਹੋਣ।

4. ਕੀ ਨਵੇਂ ਜਨਮੇ ਬੱਚੇ ਨੂੰ 'ਅੰਮ੍ਰਿਤ ਸੰਚਾਰ' ਤੇ ਪੇਸ਼ ਕਰਨਾ ਚਾਹੀਦਾ ਹੈ ਕਿ ਨਹੀਂ ? ਕਿਉਂ ?

5. "ਸਾਡੀ ਤੁਹਾਡੀ ਮੁਲਾਕਾਤ ਜੰਗ ਦੇ ਮੈਦਾਨ ਵਿੱਚ ਹੀ ਹੋਵੇਗੀ ਅਤੇ ਉਸ ਵੇਲੇ ਜੋ ਹਥਿਆਰ ਚੱਲਣਗੇ, ਉਹ ਹੀ ਦਿਲੀ ਗੱਲਾਂ ਸਮਝੋ।" ਇਹ ਜਵਾਬ ਕਿਸ ਸਿੰਘ ਸਰਦਾਰ ਨੇ ਕਿਸ ਨੂੰ ਅਤੇ ਕਦੋਂ ਦਿੱਤਾ ?

**ਮਾਰਚ ੧੯੯੬**

ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਕਿਸੇ ਹੋਰ ਦੇ ਲਿਖ ਕੇ ਦਿੱਤੇ ਹੋਏ ਨਕਲ ਮਾਰ ਕੇ ਨਹੀਂ ਭੇਜ ਰਿਹਾ/ਰਹੀ।

ਬੱਚੇ ਦੇ ਦਸਖਤ ..........................................

ਉਮਰ ..........................................

ਕਿਸ ਕਲਾਸ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ?

..........................................

ਨੋਟ:- 1. ਇਨ੍ਹਾਂ ਸਵਾਲਾਂ ਦੇ ਜਵਾਬ ੩੧ ਮਾਰਚ ੧੯੯੬ ਤੱਕ "ਸੂਰਾ" ਦਫ਼ਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। 2. ਜਵਾਬ ਸਪੱਸ਼ਟ ਤੇ ਸੰਖੇਪ ਹੋਣ। 3. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। 4. ਜਵਾਬ ਪੱਤਰ ਉੱਤੇ ਨਾਲ ਦਿੱਤਾ ਕੂਪਨ ਭਰ ਕੇ ਚਿਪਕਾਇਆ ਹੋਵੇ। 5. ਜਵਾਬ ਪੱਤਰ ਬੰਦ ਲਿਫ਼ਾਫੇ ਵਿੱਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। 6. ਬਿਨਾਂ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀਂ ਕੀਤੇ ਜਾਣਗੇ।

## ਬੱਚਿਆਂ ਲਈ ਸਵਾਲ-ਜਵਾਬ ਦਾ ਨਤੀਜ਼ਾ

ਪਹਿਲਾ ਦਰਜਾ:- ਅਮਨਦੀਪ ਕੌਰ, ਜਗਾਧਰੀ (ਹਰਿਆਣਾ) ਦੂਜਾ ਦਰਜਾ :- ਜਸਵਿੰਦਰ ਸਿੰਘ, ਗਾਜੇਵਾਸ (ਪਟਿਆਲਾ)।

## ਰਿਸ਼ਤੇ ਨਾਤੇ

ਨੋਟ :- (੧) ਕੇਵਲ ਸ਼ਾਕਾਹਾਰੀ, ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ। (੨) ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਲਿਖੋ ਜੀ। (੩) ਇਸ ਕਾਲਮ ਵਿੱਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਵਿਸਥਾਰ ਸਹਿਤ ਪੂਰਾ ਵੇਰਵਾ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। (੪) ਕਿਸੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇਕ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫਾ ਬਿਨਾਂ ਕਿਸੇ ਪਤੇ ਲਿਖੇ ਤੋਂ ਜ਼ਰੂਰ ਭੇਜੋ ਜੀ।

LD-54 :- 36 ਸਾਲਾ ਕੱਦ 5' 7" ਅੱਠਵੀਂ ਪਾਸ, ਆਪਣੀ 8 ਕਿੱਲੇ ਜ਼ਮੀਨ ਅਤੇ ਆਪਣਾ ਮਕਾਨ ਖੇਤੀਬਾੜੀ ਕਰਦੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ। ਤਲਾਕਸ਼ੁਦਾ ਜਾਂ ਵਿਧਵਾ ਵੀ ਵੀਚਾਰਨਯੋਗ। ਦੁਨਿਆਵੀ ਜਾਤਪਾਤ ਦਾ ਕੋਈ ਵਿਚਾਰ ਨਹੀਂ।

LD-55 :- 29 ਸਾਲਾ ਕੱਦ 5' 5", ਬੀ. ਏ. ਪਾਸ ਆਪਣੀ ਕੱਪੜੇ ਦੀ ਦੁਕਾਨ ਆਮਦਨ 5000/- ਮਾਸਿਕ, ਲੜਕੇ ਲਈ ਬੀਬੀ ਦੀ ਲੋੜ ਹੈ।

LD-56 :- 27 ਸਾਲਾ ਕੱਦ 5' 7", ਬੀ. ਏ. ਪਾਸ ਆਪਣੀ ਕੱਪੜੇ ਦੀ ਦੁਕਾਨ ਆਮਦਨ 6000/- ਮਾਸਿਕ, ਲੜਕੇ ਲਈ ਬੀਬੀ ਦੀ ਲੋੜ ਹੈ।

LD-57 :- 28 ਸਾਲਾ ਕੱਦ 5' 7" ਮੈਟਰਿਕ ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-58 :- 25 ਸਾਲਾ ਕੱਦ 5' 5", ਬੀ. ਐਸ. ਸੀ. (ਮੈਡੀਕਲ) B.ED., ਪ੍ਰਾਈਵੇਟ ਸਕੂਲ ਟੀਚਰ 1400 ਰੁ: ਮਾਸਿਕ ਦੀ ਨੌਕਰੀ ਕਰ ਰਹੀ ਬਿਬੇਕੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-59 :- 28 ਸਾਲਾ, ਕੱਦ 5' 4" ਬੀ. ਏ., ਪੋਸਟ ਗਰੈਜੂਏਟ ਡਿਪਲੋਮਾ ਇਨ ਕੰਪਿਊਟਰ ਸਾਇੰਸ ਤੇ ਸਿਲਾਈ ਕਟਾਈ ਦਾ ਡਿਪਲੋਮਾ ਪਾਸ ਕੀਰਤਨੀ ਬੀਬੀ ਲਈ ਵਰ ਦੀ ਲੋੜ ਹੈ।

LD-60 :- 25 ਸਾਲਾ ਕੱਦ 5' 6", +2 ਤੋਂ ਬਾਅਦ ਸਿਲਾਈ ਕਟਾਈ ਦਾ ਡਿਪਲੋਮਾ ਪਾਸ ਪ੍ਰਾਈਵੇਟ ਸਕੂਲ ਵਿੱਚ 600 ਰੁ: ਮਾਸਿਕ ਦੀ ਨੌਕਰੀ ਕਰ ਰਹੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-61 :- ਸਾਢੇ 24 ਸਾਲਾ ਕੱਦ 5' 8" ਮੈਟਰਿਕ ਪਾਸ ਆਪਣਾ ਕਾਰੋਬਾਰ ਚੰਗੀ ਆਮਦਨ ਵਾਲੇ ਬਿਬੇਕੀ ਅਤੇ ਕੀਰਤਨੀਏ ਸਿੰਘ ਲਈ ਬੀਬੀ ਦੀ ਲੋੜ ਹੈ।

LD-62 :- 23 ਸਾਲਾ ਕੱਦ 5' 7" ਮੈਟਰਿਕ ਪਾਸ ਆਪਣਾ ਕੰਮ 3000/- ਮਾਸਿਕ ਆਮਦਨ ਵਾਲੇ ਕੀਰਤਨੀਏ ਸਿੰਘ ਲਈ ਬੀਬੀ ਦੀ ਲੋੜ ਹੈ।

LD-63 :- ਸਾਢੇ 23 ਸਾਲਾ ਕੱਦ 5' 2", B. A., ਮਿਊਜ਼ਿਕ ਟੀਚਰ ਬਿਬੇਕੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-64 :- ਸਾਢੇ 27 ਸਾਲਾ ਕੱਦ 4' 9" ਬੀ. ਕਾਮ. ਬਿਬੇਕੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-65 :- 21 ਸਾਲਾ ਕੱਦ 5' 5" ਬੀ. ਏ. ਫਾਈਨਲ ਕਰ ਰਹੀ ਕੀਰਤਨੀ ਤੇ ਅਖੰਡਪਾਠੀ ਬਿਬੇਕੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-66 :- ਸਾਢੇ 28 ਸਾਲਾ ਕੱਦ 5' 6" 'IRS' ਪਾਸ ਰੇਲਵੇ ਵਿੱਚ ਕਲਾਸ ਵੰਨ ਆਫ਼ੀਸਰ 5000/- ਮਾਸਿਕ ਤਨਖਾਹ ਵਾਲੇ ਸਿੰਘ ਲਈ ਚੰਗੀ ਪੜ੍ਹੀ ਲਿਖੀ ਬੀਬੀ ਦੀ ਲੋੜ ਹੈ।

*ਕੁਰਾਲੀ ਵਿਖੇ 21 ਤੋਂ 24 ਮਾਰਚ ਨੂੰ ਹੋਣ ਵਾਲਾ ਕੀਰਤਨ ਸਮਾਗਮ ਹੁਣ ਨਹੀਂ ਹੋਵੇਗਾ ਜੀ। ਸਰਬੱਤ ਸੰਗਤਾਂ ਨੋਟ ਕਰ ਲੈਣ*

www.AKJ.org

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵੇਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈੱਕ, ਡਰਾਫ਼ਟ ਆਦਿ ਭੇਜਣ ਵੇਲੇ ਅਲੱਗ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 3. ਮਨੀਆਰਡਰ ਫ਼ਾਰਮ ਉਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ। ਸੰਪਾਦਕ

ਗੁ: ਨਾਨਕਸਰ, ਮਾਲੇਰਕੋਟਲਾ ਬਾਈਪਾਸ,ਨੇੜੇ ਗੈਸ ਏਜੰਸੀ, ਧੂਰੀ (ਸੰਗਰੂਰ) ਵਿਖੇ ਰੈਣਿ ਸਬਾਈ ਕੀਰਤਨ 9 ਮਾਰਚ ਰਾਤ ਨੂੰ।

ਮਾਸਿਕ ਰੈਣਿ ਸਬਾਈ ਕੀਰਤਨ ਪਿੰਡ ਬੁੱਢੇਵਾਲ (ਲੁਧਿਆਣਾ) ਭਾਈ ਸੰਤੋਖ ਸਿੰਘ ਦੇ ਗ੍ਰਹਿ ਵਿਖੇ 16 ਮਾਰਚ ਰਾਤ ਨੂੰ।

ਗੁ: ਜੰਡ ਸਾਹਿਬ ਨੇੜੇ ਸਾਦਿਕ (ਫਰੀਦਕੋਟ) ਵਿਖੇ ਰੈਣਿ ਸਬਾਈ ਕੀਰਤਨ 9 ਚੇਤ ਮੁਤਾਬਿਕ 22 ਮਾਰਚ ਰਾਤ ਨੂੰ।

ਗੁ: ਮੰਜੀ ਸਾਹਿਬ ਪਾ: 10 ਆਲਮਗੀਰ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ 23 ਮਾਰਚ ਰਾਤ ਨੂੰ

ਨੋਟ:– ਗੁ: ਸਾਹਿਬ ਲੁਧਿਆਣਾ ਮਾਲੇਰਕੋਟਲਾ ਸੜਕ ਤੇ ਲੁਧਿਆਣਾ ਤੋਂ 8 ਕਿਲੋਮੀਟਰ ਦੇ ਫਾਸਲੇ ਤੇ ਸਥਿਤ ਹੈ। ਲੁਧਿਆਣਾ ਗਿੱਲ ਚੌਂਕ ਤੋਂ ਮਾਲੇਰਕੋਟਲਾ ਵਾਲੇ ਪਾਸੇ ਜਾਣ ਵਾਲੀ ਹਰੇਕ ਬੱਸ ਗੁ: ਸਾਹਿਬ ਦੇ ਨੇੜਿਓਂ ਲੰਘਦੀ ਹੈ। ਸੰਗਤਾਂ ਨੂੰ ਲਿਜਾਣ ਲਈ ਗੁ: ਮਾਡਲ ਟਾਊਨ ਸਿੰਘ ਸਭਾ ਤੋਂ ਗੱਡੀ ਸ਼ਾਮ 7.00 ਵਜੇ ਚੱਲੇਗੀ। ਪੁੱਛਗਿੱਛ :– ਭਾਈ ਹਰਬੰਸ ਸਿੰਘ ਜੀ ਲੁਧਿਆਣਾ ਫੋਨ 28865

ਸ੍ਰੀ ਅੰਮ੍ਰਿਤਸਰ ਵਿਖੇ ਢਾਡੀ ਲਾਲ ਕਾਕਾ ਵਰਿੰਦਰ ਸਿੰਘ ਤੇ ਰੁਪਿੰਦਰ ਸਿੰਘ ਦੀ ਯਾਦ ਵਿੱਚ ਸਾਲਾਨਾ ਅਖੰਡ ਕੀਰਤਨ ਸਮਾਗਮ

30 ਮਾਰਚ ਸ਼ਾਮ 5.00 ਤੋਂ 8.00 ਅਖੰਡ ਕੀਰਤਨ 561,-ਈਸਟ ਮੋਹਨ ਨਗਰ ਵਿਖੇ।

31 ਮਾਰਚ ਸਵੇਰ 6.00 ਤੋਂ 12.00 ਅਖੰਡ ਕੀਰਤਨ ਗੁ ਈਸਟ ਮੋਹਨ ਨਗਰ ਵਿਖੇ।

1 ਅਪ੍ਰੈਲ ਸਵੇਰੇ 8.00 ਵਜੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ 195 ਅਜੀਤ ਨਗਰ ਵਿਖੇ।

3 ਅਪ੍ਰੈਲ ਸਵੇਰੇ 4 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ 195, ਅਜੀਤ ਨਗਰ ਵਿਖੇ। ਉਪਰੰਤ 8.00 ਵਜੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ 474 ਈਸਟ ਮੋਹਨ ਨਗਰ ਵਿਖੇ।

5 ਅਪ੍ਰੈਲ ਸਵੇਰੇ 4.00 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ 474, ਈਸਟ ਮੋਹਨ ਨਗਰ ਵਿਖੇ। ਉਪ੍ਰੰਤ 8.00 ਵਜੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ 37, ਬ੍ਰਹਮ ਬੂਟਾ ਵਿਖੇ।

7 ਅਪ੍ਰੈਲ ਸਵੇਰੇ 4.00 ਵਜੇ ਭੋਗ ਅਖੰਡ ਪਾਠ ਸਾਹਿਬ 37, ਬ੍ਰਹਮ ਬੂਟਾ ਵਿਖੇ ਉਪ੍ਰੰਤ 6.00 ਤੋਂ 12.00 ਅਖੰਡ ਕੀਰਤਨ ਗੁ: ਈਸਟ ਮੋਹਨ ਨਗਰ ਵਿਖੇ।

ਪ੍ਰਾਰਥਕ :– ਭਾਈ ਸੂਰਤ ਸਿੰਘ (ਪੂਰਨ ਜੀ) ਤੇ ਬੀਬੀ ਭੁਪਿੰਦਰ ਕੌਰ ਜੀ 37, ਬ੍ਰਹਮ ਬੂਟਾ ਅੰਮ੍ਰਿਤਸਰ ਫੋਨ :– 558291

ਗੁ: ਸਾਹਿਬ ਪਿੰਡ ਭੁਕਰਾ (ਗੁਰਦਾਸਪੁਰ) ਵਿਖੇ ਰੈਣਿ ਸਬਾਈ ਅਖੰਡ ਕੀਰਤਨ ਸਮਾਗਮ 6 ਅਪ੍ਰੈਲ 1996 ਸ਼ਨੀਵਾਰ ਰਾਤ ਨੂੰ।

ਮੋਗਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਵਤਾਰ ਪੁਰਬ ਦੇ ਸਬੰਧ ਵਿੱਚ ਅਖੰਡ ਕੀਰਤਨ ਸਮਾਗਮ 3 ਤੋਂ 7 ਅਪ੍ਰੈਲ 1996

3 ਅਪ੍ਰੈਲ ਸ਼ਾਮ 7.00 ਤੋਂ 10.00 ਕੀਰਤਨ ਗੁ: ਪਿੰਡ ਫਤਿਹਗੜ ਕੋਰੋਟਾਣਾ। 4.00 ਅਪ੍ਰੈਲ ਸ਼ਾਮ 7.00 ਤੋਂ 10.00 ਕੀਰਤਨ ਗੁ: ਪਿੰਡ ਡਾਲਾ ਵਿਖੇ। 5 ਅਪ੍ਰੈਲ ਸ਼ਾਮ 7.00 ਤੋਂ 10.00 ਕੀਰਤਨ ਗੁ: ਪਿੰਡ ਮਹਿਣਾ ਵਿਖੇ। 6 ਅਪ੍ਰੈਲ ਸਵੇਰੇ 7.00 ਵਜੇ ਭੋਗ ਸ੍ਰੀ ਸਹਿਜ ਪਾਠ ਉਪਰੰਤ 11.00 ਵਜੇ ਤੱਕ ਕੀਰਤਨ ਗੁ: ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਮੋਗਾ ਵਿਖੇ ਸ਼ਾਮ 7.00 ਵਜੇ ਅਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਇਸੇ ਹੀ ਗੁ: ਸਾਹਿਬ ਵਿਖੇ। 7 ਅਪ੍ਰੈਲ ਸਵੇਰੇ 6.00 ਵਜੇ ਭੋਗ ਰੈਣਿ ਸਬਾਈ ਕੀਰਤਨ।

ਨੋਟ :– 3, 4 ਤੇ 5 ਅਪ੍ਰੈਲ ਦੇ ਸਮਾਗਮ ਅਸਥਾਨ ਤੇ ਜਾਣ ਲਈ ਟਰੱਕ ਗੁ: ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਮੋਗਾ ਤੋਂ ਚੱਲਣਗੇ

## ਯੂ. ਕੇ. ਵਿੱਚ ਮੋਖ ਰਹਿਤ ਗੁਰਮਤਿ ਦੀਆਂ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ 11 - APOLLO WAY, PERRY BARR, BIRMINGHAM -20 (U. K.)

## ਸੂਰਾ ਪੱਤਰ ਨੂੰ ਪੂੰਜੀ ਸਹਾਇਤਾ

| | | | |
|---|---|---|---|
| ਭਾਈ ਸਵਰਨ ਸਿੰਘ ਲੁਧਿਆਣਾ | 100 ਰੁ: | ਗੁਪਤ | 200 ਰੁ: |
| ਭਾਈ ਅਵਤਾਰ ਸਿੰਘ ਫਰੀਦਾਬਾਦ | 1400 ਰੁ: | ਭਾਈ ਚਰਨਜੀਤ ਸਿੰਘ | 500 ਰੁ: |
| ਭਾਈ ਸੰਦੀਪ ਸਿੰਘ ਕੈਨੇਡਾ | 50 ਡਾਲਰ | ਗੁਪਤ | 30 ਰੁ: |
| ਬੀਬੀ ਨਰਿੰਦਰ ਕੌਰ ਲੁਧਿਆਣਾ | 100 ਰੁ: | ਭਾਈ ਗੁਰਚਰਨ ਸਿੰਘ ਵਾਰਾਨਸੀ | 420 ਰੁ: |
| ਭਾਈ ਗੁਰਮੇਲ ਸਿੰਘ ਕੈਨੇਡਾ | 9500 ਰੁ: | | |

SURA (Monthly) KOTHI No. 12, BLOCK-I, BHAI RANDHIR SINGH NAGAR, LUDHIANA 141004

www.AKJ.Org